ਮਾਸਕ ੴ ਪਤਰ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ


ਅੰਮ੍ਰਿਤਸਰ

ਜਨਮ

7-7-1878

ਅਕਾਲ ਚਲਾਣਾ

16-4-1961



ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

MAY 1991

ਮਈ ੧੯੯੧

www.AKJ.Org

# ਤ ਤ ਕ ਰਾ


| | | |
|---|---|---|
| ਮਾਹੁ ਜੇਠੁ ਭਲਾ | ੩ | ਤੁਖਾਰੀ ਛੰਤ ਮਹਲਾ ੧ |
| ਗਗਨ ਉਡਾਰੀ | ੪ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਸਪੱਰਸ਼ ਕਲਾ | ੧੨ | ਪ੍ਰਿੰਸੀਪਲ ਸੱਜਣ ਸਿੰਘ ਜੀ |
| ਨਾਮ ਬੜਾ ਅਨਮੋਲਾ (ਕਵਿਤਾ) | ੧੬ | ਗਿਆਨੀ ਜੰਗ ਸਿੰਘ ਜੀ |
| ਅਰਦਾਸ ਅਰਜ਼ੋਈ ਦੀਆਂ ਆਤਮਕ ਬਰਕਤਾਂ | ੧੭ | ਪ੍ਰੋਫੈਸਰ ਸਾਹਿਬ ਸਿੰਘ ਜੀ |
| ਭਾਈ ਮਨੀ ਸਿੰਘ ਜੀ ਸ਼ਹੀਦ—ਬੰਦ ਬੰਦ ਕਟਾਏ | ੨੧ | ਡਾਕਟਰ ਜਸਵੰਤ ਸਿੰਘ ਜੀ ਨੇਕੀ |
| ਪ੍ਰਭੂ-ਦਰਸ਼ਨ | ੨੪ | ਪ੍ਰਿੰਸੀਪਲ ਕਰਤਾਰ ਸਿੰਘ ਜੀ |
| ਗੁਰੂ-ਦਰ ਦਾ ਕਰਾਮਾਤ੍ਰੀ ਚਮਤਕਾਰ | ੨੬ | ਬੀਬੀ ਕੁਲਬੀਰ ਕੌਰ ਜੀ |
| ਗੁਰਬਾਣੀ ਸਾਡਾ ਅਸਾਸਾ | ੨੮ | ਪ੍ਰਿੰਸੀਪਲ ਸੁਰਜੀਤ ਸਿੰਘ ਜੀ |
| ਭੂਰਿਆਂ ਵਾਲੇ ਰਾਜੇ ਕੀਤੇ (੧੭) | ੨੯ | ਕੈਪਟਨ ਸਵਰਨ ਸਿੰਘ ਜੀ |
| ਗੁਰਸਿੱਖੀ ਦਾ ਆਦਰਸ਼ਕ ਸਰੂਪ | ੩੭ | ਪ੍ਰਿੰਸੀਪਲ ਸੱਜਣ ਸਿੰਘ ਜੀ |
| ਵੇਖ ਕੇ ਅਣਡਿਠ ਕੀਤਾ | ੪੧ | ਗਿਆਨੀ ਹਰਿਬੰਸ ਸਿੰਘ ਜੀ |


ਗੁਰੂ ਅੰਗਦ ਸਾਹਿਬ ਅਵਤਾਰ ਦਿਵਸ — ੧੫ ਮਈ
ਗੁਰੂ ਅਮਰਦਾਸ ਜੀ ਅਵਤਾਰ ਦਿਵਸ — ੨੭ ਮਈ

## 'ਸੂਰਾ' ਦੇ ਚੰਦੇ ਤੇ ਬਕਾਏ ਅਮਾਨਤੀ ਲਾਈਫ਼ ਮੈਂਬਰ ਦੇ ਕੇ ਰਸੀਦ ਲਓ

੧. ਲੁਧਿਆਣਾ —
੨. ਪਟਿਆਲਾ—ਪ੍ਰੋਫੈਸਰ ਗੁਰਮੁਖ ਸਿੰਘ ਜੀ, ੭੯-ਇੰਦਰਪੁਰੀ ਕਾਲੋਨੀ, ਸਰਹੰਦ ਰੋਡ
੩. ਜਲੰਧਰ - ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੋਕ ਪੰਜ ਪੀਰ
੪. ਹੁਸ਼ਿਆਰਪੁਰ—ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ
੫. ਚੰਡੀਗੜ੍ਹ ਤੇ ਮੋਹਾਲੀ ਭਾਈ ਫੌਜਿੰਦਰ ਸਿੰਘ, ੫੩੨/੩-ਏ ਫੇਜ਼, ਐਸ.ਏ.ਐਸ. ਨਗਰ, ਮੋਹਾਲੀ
੬. ਜ਼ਿਲਾ ਸੰਗਰੂਰ - ਪਿੰਡ ਉਪੋਕੇ, ਡਾਕਖਾਨਾ ਮਲੇਰਕੋਟਲਾ, ਭਾਈ ਤਰਲੋਚਨ ਸਿੰਘ ਜੀ
੭. ਫਰੀਦਾਬਾਦ ਟਾਊਨ (ਹਰਿਆਣਾ) – ਭਾਈ ਬਲਵੰਤ ਸਿੰਘ ਜੀ, ੫-ਡੀ/੫੫, (੧੨੧੦੦੧)
੮. ਦਿੱਲੀ—ਭਾਈ ਹਰਦਿਤ ਸਿੰਘ ਜੀ, ਏ-੩੫, ਫਤਹ ਨਗਰ
੯. ਸਾਰੇ ਸਮਾਗਮਾਂ ਸਮੇਂ —ਭਾਈ ਬਲਵੰਤ ਸਿੰਘ ਜੀ ਖ਼ਾਲਸਾ, ਗਲੀ ਨੰ: ੨, ਕਾਂਜੀ ਨਗਰੀ, ਫ਼ੀਰੋਜ਼ਪੁਰ ਸ਼ਹਿਰ
੧੦. ਅੰਮ੍ਰਿਤਸਰ—ਸਿੰਘ ਬ੍ਰਦਰਜ਼. ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫੋਨ 45787 ਘਰ 52206

## ਪਠਾਨਕੋਟ ਵਿਖੇ ਅਖੰਡ ਕੀਰਤਨੀ ਜਥਿਆਂ ਵਲੋਂ ਸਾਲਾਨਾ ਗੁਰਮਤਿ ਸਮਾਗਮ

5 ਜੂਨ ਸ਼ਾਮ ਤੋਂ 9 ਜੂਨ ਐਤਵਾਰ ਸਵੇਰ ਤਕ ਅਖੰਡ ਕੀਰਤਨ ਤੇ ਅੰਮ੍ਰਿਤ ਸੰਚਾਰ ਗੁ: ਸਿੰਘ ਸਭਾ ਰੇਲਵੇ ਰੋਡ, ਵਿਖੇ

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੩੯੦-ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ ਤੋਂ ੧-੫-੯੧ ਨੂੰ ਪ੍ਰਕਾਸ਼ਤ ਕੀਤਾ।

www.AKJ.Org

ਸੂਰਾ
ੴ ਵਾਹਿਗੁਰੂ ਜੀ ਕੀ ਫਤਹ
ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

ਸਾਲਾਨਾ ਚੰਦਾ
ਦੇਸ ੨੦-੦੦
ਇਕ ਪਰਚਾ ੨-੦੦
ਪਰਦੇਸ (ਸਾਰੇ ਦੇਸ)
ਸਾਲਾਨਾ ਚੰਦਾ
ਸਮੁੰਦਰੀ ਡਾਕ ੫੦-੦੦
ਹਵਾਈ ਡਾਕ ੧੫੦-੦੦
Foreign Subscription
Sea Mail 50-00
Air Mail 150-00
ਅਮਾਨਤੀ
ਲਾਈਫ਼ ਮੈਂਬਰ
ਦੇਸ ੨੦੦-੦੦
ਪਰਦੇਸ (ਸਾਰੇ ਦੇਸ)
ਸਮੁੰਦਰੀ ਡਾਕ ੫੦੦-੦੦
ਹਵਾਈ ਡਾਕ ੧੫੦੦-੦੦

ਅਖੰਡ ਕੀਰਤਨੀ ਜਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੫ ਮਈ ੧੯੯੧ ਅੰਕ ੫

# ਮਾਹੁ ਜੇਠੁ ਭਲਾ

ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ ॥
ਥਲ ਤਾਪਹਿ ਸਰ ਭਾਰ ਸਾਧਨ ਬਿਨਉ ਕਰੈ ॥
ਧਨ ਬਿਨਉ ਕਰੇਦੀ ਗੁਣ ਸਾਰੇਦੀ ਗੁਣ ਸਾਰੀ ਪ੍ਰਭ ਭਾਵਾ ॥
ਸਾਚੈ ਮਹਲਿ ਰਹੈ ਬੈਰਾਗੀ ਆਵਣ ਦੇਹਿ ਤ ਆਵਾ ॥
ਨਿਮਾਣੀ ਨਿਤਾਣੀ ਹਰਿ ਬਿਨੁ ਕਿਉ ਪਾਵੈ ਸੁਖ ਮਹਲੀ ॥
ਨਾਨਕ ਜੇਠਿ ਜਾਣੈ ਤਿਸੁ ਜੈਸੀ ਕਰਮਿ ਮਿਲੈ ਗੁਣ ਗਹਿਲੀ ॥੭॥

[ਤੁਖਾਰੀ ਛੰਤ ਮਹਲਾ ੧ ਬਾਰਹਮਾਹਾ, ਪੰਨਾ ੧੧੦੮

ਤਾਪਹਿ—ਤਪਦੇ ਹਨ। ਸਰ—ਵਾਂਗ। ਭਾਰ—ਭੱਠ। ਸਾਧਨ—ਜੀਵ-ਇਸਤ੍ਰੀ। ਬਿਨਉ—ਜੋਦੜੀ। ਧਨ—ਜੀਵ-ਇਸਤ੍ਰੀ। ਸਾਰੇਦੀ—ਯਾਦ ਕਰਦੀ, ਗਾਉਂਦੀ ਹੈ। ਗੁਣ ਸਾਰੀ—ਮੈਂ ਗੁਣ ਗਾਵਾਂ। ਸਾਚੈ ਮਹਲਿ ਰਹੈ ਬੈਰਾਗੀ—ਜੋ ਵਾਹਿਗੁਰੂ ਆਪਣੇ ਸਦਾ ਅਸਥਿਰ ਮਹਲ ਵਿਚ ਨਿਰਲੇਪ ਟਿਕਿਆ ਹੋਇਆ ਹੈ (ਉਸ ਅਗੇ ਜੀਵ-ਇਸਤ੍ਰੀ ਬਿਨਉ ਕਰਦੀ ਹੈ)। ਸੁਖ ਮਹਲੀ--ਸੁਖ ਦਾਤੇ ਮਹਲੀ ਪ੍ਰਭੂ ਦੇ ਮਹਲਾਂ ਦਾ ਅਨੰਦ। ਜੇਠਿ ਜਾਣੈ ਤਿਸੁ ਜੈਸੀ—ਜੇਠ ਮਹੀਨੇ ਦੁਆਰਾ ਉਪਦੇਸ਼ ਹੈ ਕਿ ਜਿਹੜੀ ਜੀਵ-ਇਸਤ੍ਰੀ ਇਸ ਤਪਦੇ ਜੇਠ ਮਹੀਨੇ ਵਿਚ ਐਸੇ ਪ੍ਰਭੂ ਨਾਲ ਸਾਂਝ ਪਾਂ ਲੈਂਦੀ ਹੈ, ਉਹ ਉਸ ਪ੍ਰਭੂ ਵਾਂਗ ਹੀ (ਸ਼ਾਂਤ-ਚਿਤ) ਹੋ ਜਾਂਦੀ ਹੈ। ਕਰਮਿ—ਬਖ਼ਸ਼ਸ਼ ਦੁਆਰਾ। ਗੁਣ ਗਹਿਲੀ—ਪ੍ਰਭੂ ਦੇ ਗੁਣਾਂ ਨੂੰ ਹਿਰਦੇ ਵਿਚ ਵਸਾਉਣ ਵਾਲੀ।


www.AKJ.Org

# ਗਗਨ ਉਡਾਰੀ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

(੧)

ਸੂਰ ਸਰੁ ਸੋਸਿ ਲੈ ਸੋਮ ਸਰੁ ਪੋਖਿ ਲੈ ਜੁਗਤਿ ਕਰਿ ਮਰਤੁ ਸੁ ਸਨਬੰਧੁ ਕੀਜੈ ॥
ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ ਉਡੈ ਨਹ ਹੰਸੁ ਨਹ ਕੰਧੁ ਛੀਜੈ ॥੧॥
ਮੂੜੇ ਕਾਇਚੇ ਭਰਮਿ ਭੁਲਾ ॥ ਨਹ ਚੀਨਿਆ ਪਰਮਾਨੰਦੁ ਬੈਰਾਗੀ ॥੧॥ਰਹਾਉ॥
ਅਜਰ ਗਹੁ ਜਾਰਿ ਲੈ ਅਮਰ ਗਹੁ ਮਾਰਿ ਲੈ ਭ੍ਰਾਤਿ ਤਜਿ ਛੋਡਿ ਤਉ ਅਪਿਉ ਪੀਜੈ ॥
ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ ਉਡੈ ਨਹ ਹੰਸੁ ਨਹ ਕੰਧੁ ਛੀਜੈ ॥੨॥
ਭਣਤਿ ਨਾਨਕੁ ਜਨੋ ਰਵੈ ਜੇ ਹਰਿ ਮਨੋ ਮਨ ਪਵਨ ਸਿਉ ਅੰਮ੍ਰਿਤੁ ਪੀਜੈ ॥
ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ ਉਡੈ ਨਹ ਹੰਸੁ ਨਹ ਕੰਧੁ ਛੀਜੈ ॥੩॥੯॥

[ਮਾਰੂ ਮ: ੧, ਪੰਨਾ ੯੯੧-੯੨

ਇਸ ਗੁਰਵਾਕ ਦੀ ਅਸਥਾਈ (ਰਹਾਉ) ਵਾਲੀ ਤੁਕ "ਮੂੜੇ ਕਾਇਚੇ ਭਰਮਿ ਭੁਲਾ ॥ ਨਹ ਚੀਨਿਆ ਪਰਮਾਨੰਦੁ ਬੈਰਾਗੀ" ਦਸਦੀ ਹੈ ਕਿ ਇਹ ਸ਼ਬਦ ਹਠ ਯੋਗੀਆਂ ਦੇ ਹਠ-ਯੋਗ ਦੀ ਨਿਖੇਧੀ ਕਰਦਾ ਹੋਇਆ ਸਚੇ ਗੁਰਮਤਿ ਸਹਜ ਜੋਗ ਨੂੰ ਨਿਰੂਪਨ ਕਰਾਉਂਦਾ ਹੈ–

ਐ ਹਠ ਜੋਗੀ ! ਤੂੰ ਭਾਵੇਂ ਕਿੰਨਾ ਹੀ ਸੂਰ ਸਰੁ (ਸੂਰਜ ਦੀ ਸੁਰਮਈ) (ਸੱਜੀ ਨਾੜੀ) ਨੂੰ ਸੋਖ ਲੈ ਅਤੇ ਕਿਤਨਾ ਹੀ ਸੋਮ ਸਰੁ (ਚੰਦਰਮਾ ਦੀ ਸੁਰ ਖੱਬੀ ਨਾੜੀ) ਨੂੰ ਪੋਖ ਲੈ, ਇਹ ਤੇਰੀਆਂ ਇੜਾ ਪਿੰਗਲਾ ਨੂੰ ਸੋਖਣ ਪੋਖਣ ਦੀਆਂ ਜੁਗਤੀਆਂ ਸਭ ਬਿਰਥੀਆਂ ਹਨ। ਏਹਨਾਂ ਜੁਗਤੀਆਂ ਨੂੰ ਕਰਿ ਕਰਿ ਥਕਿ ਮਰ ਕੇ ਤੂੰ ਭਾਵੇਂ ਕਿਤਨਾ ਹੀ ਇੜਾ, ਪਿੰਗਲਾ, ਸੁਖਮਨਾ ਨੂੰ ਸੇਲਣ (ਸਨਬੰਧਨ, ਸਨਬੰਧ ਕਰਨ) ਦਾ ਯਤਨ ਕਰ ਲੈ, ਸਭ ਬਿਰਥਾ ਹੈ। ਸੱਚੀ ਗੁਰਮਤਿ ਸਹਜ ਯੋਗ ਦੀ ਜੁਗਤੀ ਧਾਰਨ ਕੀਤੇ ਬਿਨਾਂ ਤੇਰਾ ਪਾਰ-ਉਤਾਰਾ ਨਹੀਂ ਹੋਣਾ। ਜੋ ਸੱਚੀ ਗੁਰਮਤਿ ਸਹਜ-ਜੋਗ ਜੁਗਤੀ ਤੁਰਤ ਫੁਰਤ ਹੀ ਤੇਰਾ ਪਾਰ-ਉਤਾਰਾ ਕਰਨ ਨੂੰ ਸਮਰੱਥ ਹੈ, ਸੋ ਜੁਗਤੀ ਗੁਰਮਤਿ ਨਾਮ ਅਭਿਆਸ ਕਮਾਈ ਦੀ ਜੁਗਤੀ ਹੈ। ਗੁਰਮਤਿ ਨਾਮ ਅਭਿਆਸ ਕਮਾਈ ਦੁਆਰਾ ਰਸ-ਜੋਤਿ-ਭਰੱਥੀ ਪਵਨ ਜਦ ਨਾਭੀ ਅੰਦਰ ਜਾ ਟਿਕਦੀ ਹੈ ਤਾਂ ਨਾਭ ਕਮਲ ਨੂੰ ਹਰਾ ਭਰਾ ਕਰ ਕੇ (ਵਿਗਸਾ ਕੇ, ਰਸ ਰਸਾ ਕੇ) ਸੁਰਤੀ ਨੂੰ ਸੁਆਸਾਂ ਸਮੇਤ ਐਸੀ ਫੁਰਤੀ ਨਾਲ ਗਗਨ (ਨਾਭ ਤੇ ਨਭ) ਨੂੰ ਉਡਾਰੀਆਂ ਦਿੰਦੀ ਹੈ, ਜੈਸੇ ਕਿ ਮੀਨ ਮਛਲੀ ਜਲ ਵਿਚ ਤਾਰੀਆਂ ਲਾਉਂਦੀ ਹੋਈ ਇਕੋ ਉਲਟ-ਪਵਣ ਹੁਜਕਣੀ ਡੁਬਕਣੀ ਨਾਲ ਅਥਾਹ ਸਮੁੰਦਰ ਵਿਚ ਕਿਤੇ ਦੀ ਕਿਤੇ ਜਾ ਪਹੁੰਚਦੀ ਹੈ ਅਤੇ ਵਿਚੇ ਵਿਚ ਘੰਟਿਆਂ ਬੱਧੀ ਆਪਣੇ ਆਪ ਨੂੰ ਸਮਾਈ ਰਖਦੀ ਹੈ। ਨਾ ਉਸ ਦਾ ਦਮ ਹੁਟ ਹੁੰਦਾ ਹੈ ਨਾ ਸੁਆਸ ਹੁਚਕਦਾ ਹੈ। ਮਛਲੀ ਦੀ ਜੀਵਨ-ਜੁਗਤ-ਗਤਿ ਕੁਦਰਤ ਨੇ ਐਸੀ ਸਾਜੀ ਹੈ ਕਿ ਜਦ ਜੀਅ ਚਾਹੇ ਅਤੇ ਜਿੰਨਾ ਚਿਰ ਚਾਂਹੇ, ਜਲ ਦੀ ਉਪਰਲੀ ਸਤਾਹ ਉਪਰ ਤਰਦੀ ਰਹੇ ਅਤੇ ਜਦ ਜੀਅ ਚਾਹੇ ਅਤੇ ਜਿਤਨਾ ਚਿਰ ਚਾਹੇ, ਜਲ ਦੇ ਅੰਦਰ ਗੋਤਾ ਲਾਈ ਰਖੇ, ਉਸ ਦਾ ਦਮ ਹੁਟਦਾ ਨਹੀਂ। ਇਕੋ ਸ਼ੂਟ ਵੱਟ ਕੇ ਤੇ ਚਪਲ ਕਰ ਕੇ ਜਲ ਦੀ ਅਜਗਾਹ ਡੂੰਘਿਆਈ ਅੰਦਰ ਜਾ ਡੁਬਕਣੀ ਮਾਰਦੀ ਹੈ। ਜਲ ਅੰਦਰ ਇਸ ਬਿਧ ਗੋਤਾ-ਮਾਰਨੀ ਸ਼ੂਟ ਜਦੋਂ ਮਛਲੀ ਸ਼ੂਟਦੀ ਹੈ ਤਾਂ ਓਦੋਂ ਹੀ ਪਤਾ ਲਗਦਾ ਹੈ ਜਦ ਜਲ ਵਿਚ ਸ਼ੂਟ ਕਰਨ ਸਮੇਂ ਚਪਲ ਦੀ ਆਵਾਜ਼ ਹੁੰਦੀ ਹੈ। ਏਸੇ ਪਰਕਾਰ ਸ਼ਬਦ ਸੁਰਤ ਅਭਿਆਸੀ ਗੁਰਮੁਖਿ ਜਨ ਰਸ-ਗੀਧੇ-ਬੀਧੇ ਅਤੇ ਜੋਤਿ-ਵਿਗਸੀਧੇ ਹੋ ਕੇ ਅਭਿਆਸ ਕਰਦੇ ਕਰਦੇ (ਖੰਡਾ ਸੁਆਸਾਂ ਦਾ ਖੜਕਾਉਂਦੇ ਖੜਕਾਉਂਦੇ) ਨਾਭੀ ਵਿਚ ਪਵਨ ਨੂੰ ਦੱਬ ਕੇ ਇਕੋ ਹੀ ਹੁਜਕੇ ਨਾਲ ਨਭ ਨਾਭ ਦੀਆਂ ਉਚਾਈਆਂ ਡੂੰਘਾਈਆਂ ਵਿਖੇ ਜਾ ਉਡਾਰੀਆਂ ਲਾਉਂਦੇ ਹਨ ਅਤੇ ਜਿਤਨਾ ਚਿਰ ਚਾਹੁਣ. ਏਸੇ ਟਿਕਾਉ ਵਿਖੇ ਟਿਕ ਕੇ ਨਿਸਚਲ ਹੋਏ-ਵੇ ਅਨੰਦ ਮਾਨਣ। ਇਸ



www.AKJ.Org

ਸਹਿਜ ਜੋਗ ਜੁਗਤੀ ਮਈ ਗੁਰਮਤਿ-ਅਭਿਆਸ-ਕਲਾ ਦੁਆਰਾ ਨਾ ਤਾਂ ਇਹ ਤੌਖਲਾ ਰਹਿੰਦਾ ਹੈ ਕਿ ਉਹਨਾਂ ਦਾ ਜੀਉ ਪੰਖੇਰੂ (ਰੂਹ-ਹੰਸ) ਦੇਹੀ ਵਿਚੋਂ ਨਿਕਲ ਜਾਏਗਾ, ਨਾ ਹੀ ਇਹ ਖ਼ਤਰਾ ਹੁੰਦਾ ਹੈ ਕਿ ਉਹਨਾਂ ਦੀ ਦੇਹੁਰੀ ਰੂਪੀ ਕੰਧ ਬਿਨਸ ਜਾਏਗੀ, (ਢਹਿ ਢੇਰੀ ਤਨ ਛਾਰ ਹੋ ਜਾਏਗਾ), ਕਿਉਂਕਿ ਸੁਆਸ ਤਾਂ ਉਹਨਾਂ ਦੇ ਹੁਟਦੇ ਸੰਘੁਟਦੇ ਨਹੀਂ। ਸਹਜ ਅਨੰਦ ਵਿਚ ਵਿਗਸੇ ਹੋਏ ਅੰਦਰੇ-ਅੰਦਰ ਪੁਰਖ ਪਰਮਾਤਮ-ਜੋਤਿ ਭਰਪੁਰ-ਲੀਣੇ ਰਹਿੰਦੇ ਹਨ। ਮਨ ਭੀ ਚਲਾਇਮਾਨ ਨਹੀਂ ਹੁੰਦਾ। ਇਸ ਕਰਕੇ ਸੁਰਤੀ ਅਡੋਲ ਰਸ-ਬੀਧੀ ਗਗਨ ਉਡਾਰੀਆਂ ਮਾਰਦੀ ਰਹਿੰਦੀ ਹੈ। ਗੁਰੂ ਸਾਹਿਬ ਇਸ ਤਰ੍ਹਾਂ ਬਪੜੇ ਹਠ-ਜੋਗੀਆਂ ਨੂੰ ਸੁਮੱਤ ਦਿੰਦੇ ਹਨ ਕਿ ਐ ਜੋਗੀ, ਸੱਚਾ ਸਹਜ ਜੋਗ ਜਿਨ੍ਹਾਂ ਕਮਾਉਣਾ ਹੈ, ਸੋ ਤਿਨ੍ਹਾਂ ਨੂੰ ਚਾਹੀਦਾ ਹੈ ਕਿ "ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ" ਵਾਲੀ ਗੁਰਮਤਿ ਜੁਗਤੀ ਗ੍ਰਹਿਣ ਕਰਨ। ਇਸ ਬਿਧ ਉਪਰ ਦਸੇ ਅਨੁਸਾਰ "ਉਡੈ ਨਹ ਹੰਸੁ ਨਹ ਕੰਧੁ ਛੀਜੈ" ਵਾਲੀ ਸਹਿਜ ਬਿਉਂਤ ਬਣਿ ਆਉਂਦੀ ਹੈ। ਨਹੀਂ ਤਾਂ ਝੂਠੇ ਹਠ-ਜੋਗ ਕਰਕੇ ਮੂੜ੍ਹੇ ਹਠ-ਜੋਗੀ ਭਰਮ ਵਿਚ ਭੁਲੇ ਫਿਰਦੇ ਹਨ। ਉਹਨਾਂ ਤੋਂ ਪਰਮਾਨੰਦ ਬੈਰਾਟ, ਅਤੀਤ ਬੈਰਾਟ ਰੂਪ ਪਾਰਬ੍ਰਹਮ ਨਹੀਂ ਚੀਨਿਆ ਜਾਂਦਾ। ਪਰਮਾਨੰਦ ਤਾਂ ਕੀ ਚੀਨਿਆ ਜਾਣਾ ਸੀ, ਓਹਨਾਂ ਤੋਂ ਤਾਂ ਆਪਾ ਹੀ ਨਹੀਂ ਚੀਨਿਆ ਜਾਂਦਾ। ਇਹ ਗੁਰਮਤਿ ਸਹਜ ਜੋਗ-ਜੁਗਤੀ ਹੀ ਹੈ ਜਿਸ ਨੂੰ ਜੇ ਤੂੰ ਗ੍ਰਹਿਣ ਕਰੇਂ ਤਾਂ ਸੱਚੇ ਸਹਜ-ਪਦ-ਜੋਗ ਨੂੰ ਪ੍ਰਾਪਤ ਹੋ ਸਕਦਾ ਹੈਂ, ਅਤੇ ਸੱਚਾ ਸਹਜ ਜੋਗੀ ਬਣ ਸਕਦਾ ਹੈਂ। ਇਸ ਸਹਜ-ਪਦ, ਸੱਚੀ ਗੁਰਮਤਿ ਜੋਗ-ਜੁਗਤੀ ਦੁਆਰਾ ਉਹ ਮਾਨ ਅਭਿਮਾਨ, ਗਰਬ ਗੁਮਾਨ ਮਈ ਕੁਮੱਤ ਮਤ, ਜੋ ਹਠ-ਜੋਗ ਦੁਆਰਾ ਲੱਖ ਯਤਨ ਕੀਤਿਆਂ ਭੀ ਜਾਲੀ ਹੋਈ ਕਦੇ ਨਹੀਂ ਜਲ ਸਕਦੀ, ਉਸ ਨੂੰ ਸਹਜੇ ਹੀ ਤੂੰ ਜਾਰ ਲੈ (ਜਾਲ ਸਿਟ), ਸੱਚੇ ਸਹਜ ਗੁਰਮਤਿ ਜੋਗ ਦਾ ਕਰਮਚਾਰੀ ਬਣ ਕੇ। ਜੋ ਮੋਹ ਮਮਤਾ ਮਈ ਤ੍ਰਿਸ਼ਨਾ-ਗ੍ਰਸਤ ਬੁਧੀ, ਮਨੁੱਖੀ ਕੁਬੁੱਧੀ ਹੋਰਤ ਬਿਧੀ ਕਰਿ ਕਦੇ ਭੀ ਮਾਰੀ ਨਹੀਂ ਮਰ ਸਕਦੀ, ਉਸ ਨੂੰ ਤੂੰ ਗੁਰਮਤਿ ਸਹਜ ਜੋਗ ਦੀ ਅਭਿਆਸ ਕਮਾਈ ਦੁਆਰਾ ਸੁਖੈਨ ਹੀ ਮਾਰ ਲੈ। ਤਾਂ ਤੇ ਤੂੰ ਹੋਰਤ ਹਠ-ਜੋਗ ਵਾਲੇ ਭਰਮ ਸੰਸੇ ਭ੍ਰਾਂਤੀਆਂ ਤਜ ਦੇ ਅਤੇ ਇਉਂ ਭ੍ਰਾਂਤ ਤਜਿ ਅਰਥਾਤ ਛਡ ਦੇਵੇਂ, ਗੁਰਮਤਿ ਜੋਗ-ਅਭਿਆਸ ਜੁਗਤੀ ਗ੍ਰਹਿਣ ਕਰੇਂ ਤਾਂ ਨਿਤ ਘਟ ਅੰਤਰ ਹੀ ਅੰਮ੍ਰਿਤ ਰਸ ਦੇ ਗਟਾਕ ਪੀਣ ਦੇ ਅਨੰਦ ਮਾਣੇਂ। ਬਸ, ਉਪਰ ਦਸੇ ਅਨੁਸਾਰ "ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ..." ਵਾਲੀ ਸੁਰਤੀ ਬਿਰਤੀ ਮਈ ਸਹਜ ਆਤਮ-ਰੌਣ ਅਤੇ ਗਗਨੰਤਰ-ਗਉਣ ਭਲੇ ਅਸਵਾਰਾ, ਬਣ ਜਾਵੇਂ। ਸਤਿਗੁਰ ਨਾਨਕ ਦੇਵ ਜੀ ਸੱਚੀ ਸਾਖੀ ਭਰਦੇ ਹਨ ਕਿ ਇਸ ਬਿਧ, ਕੇਵਲ ਇਸ ਬਿਧ, ਕੇਵਲ ਇਸੀ ਬਿਧ ਆਤਮ-ਰੌਣੀ ਅਤੇ ਪਵਨ-ਗਗਨੌਣੀ ਹੋ ਕੇ ਹੀ ਸਦ ਅਮਿਉ-ਰਸ ਰਸਿਔਣੀ ਹੋ ਅਤੇ "ਮੀਨ ਕੀ ਚਪਲ.." ਵਾਲੀ ਗਤਿ ਮਿਤ ਪ੍ਰਾਪਤ ਹੋ ਸਕਦੀ ਹੈ। ਬਸ, ਟੁਕ ਦਮ ਕਰਾਰੀ ਕਰਨ ਦੀ ਹੀ ਦੇਰ ਹੈ ਕਿ ਸੁਰਤੀ ਮੀਨ ਛਣੱਪੇ ਮਾਰ ਕੇ ਨਾਭ ਤੋਂ ਨਭ ਵਿਖੇ ਜਾ ਚੜ੍ਹਦੀ ਹੈ। ਰਸਨ ਰਸਾਟ ਵਿਚ ਗੁਰਮੰਤਰ ਗੁਰਾਟ ਦੁਆਰਾ ਐਸਾ ਪਾਰਸ-ਰਸਾਇਣ ਕਲਾ-ਕ੍ਰਿਸ਼ਮਾਣੂ ਮੋਅਜਜ਼ਾ ਵਰਤਦਾ ਹੈ ਕਿ ਸਹਜ ਸੁਆਸ ਅਭਿਆਸ ਦਾ ਬਿਲੋਵਣਾ ਬਿਲੋਵਨ ਕਰਿ, ਪਵਨ ਪ੍ਰਾਨ ਰਸ ਜੋਤਿ ਬੀਧੇ ਹੋਇ ਕੇ ਨਾਭੀ ਵਿਖੇ ਟਿਕ ਜਾਂਦੇ ਹਨ ਅਤੇ ਸਹਜ ਸੁਤੇ ਹੀ ਟਿਕ ਜਾਂਦੇ ਹਨ। ਜਦੋਂ ਤੀਕ ਰਸ ਬਣਿਆ ਰਹਿੰਦਾ ਹੈ, ਜੋਤਿ ਜਲਵਾ ਅਫ਼ਗਾਨਿਆ (ਪਸਰਿਆ) ਰਹਿੰਦਾ ਹੈ; ਉੱਥੇ ਹੀ ਟਿਕੇ ਰਹਿੰਦੇ ਹਨ। ਇਸ ਰਸ ਵਿਚ ਗੀਧੇ ਹੋ ਕੇ (ਰਸ ਵਿਚ ਗੁਨ੍ਹੇ ਜਾ ਕੇ) ਮਨ ਦੇ ਸੰਕਲਪ ਵਿਕਲਪ, ਫੁਰਨੇ ਕਫੁਰਨੇ, ਤ੍ਰਿਸ਼ਨਾ ਵਾਸ਼ਨਾ, ਸਭ ਧਾਵਣੀਆਂ ਦਾ ਅਭਾਵ ਹੋ ਜਾਂਦਾ ਹੈ। ਸਣੇ ਸਣੇ ਉਹ ਰਸ-ਬੀਧੀਨੇ ਸੁਆਸ ਪ੍ਰਾਣ ਜਦੋਂ ਨਾਭਿ ਨਿਵਾਸ ਦੇ ਠਹਿਰਾਉ ਸਹਿਜਾਉ ਵਿਚ ਸੁਖਲੀਣੇ ਹੋ ਜਾਂਦੇ ਹਨ ਤਦ ਇਕ-ਦਮ ਇਹ ਅਵਸਥਾ ਆ ਜਾਂਦੀ ਹੈ ਕਿ ਇਕੋ ਮੀਨ ਛਣੱਪੇ ਦੁਆਰਾ ਸੁਆਸ ਪ੍ਰਾਣ, ਸੁਰਤਿ ਪਵਨ ਸੰਜੁਗਤ ਦਸਮ ਦੁਆਰ ਵਿਖੇ ਜਾ ਚੜ੍ਹਦੇ ਹਨ। ਨਾਭੀ ਵਿਚੋਂ ਜੋਤਿ ਰਸ ਠਰ੍ਹੰਮੀ ਪਵਨ ਇਕੋ ਹੀ ਪ੍ਰੇਮ-ਹਿਲੋਰੇ ਹਿਜਕੋਰੇ ਨਾਲ ਉਲਟ ਕੇ ਮੀਨ ਨਿਆਈਂ ਪੁਠੀਆਂ ਤਾਰੀਆਂ ਲਾਉਂਦੀ ਹੋਈ ਦਸਮ ਦੁਆਰ ਵਿਖੇ ਜਾਇ ਪਰਵੇਸ਼ ਕਰਦੀ ਹੈ। ਇਹ ਪਰਮ ਪਦ ਸਤਿਗੁਰ ਦ੍ਰਿੜ੍ਹਾਏ ਸ਼ਬਦ ਗੁਰਮੰਤਰ ਨਾਲ ਪਰਚਾ ਪਾਉਣ ਕਰਿ ਪ੍ਰਾਪਤ ਹੁੰਦਾ ਹੈ। ਫੇਰ ਤਾਂ


www.AKJ.Org

ਸੂਰਜਸਰ, ਸੋਮਸਰ, ਇੜਾ, ਪਿੰਗਲਾ, ਸੁਖਮਨਾ ਸਾਰੀਆਂ ਨਾੜੀਆਂ ਹੀ ਰਸ-ਜੋਤਿ ਭਰਪੂਰ-ਲੀਣੀਆਂ ਹੋ ਕੇ, ਜੋਤਿ ਤੇਜਸੀ ਚਾਨਣੇ ਨਾਲ ਜਗਮਗਾ ਉਠਦੀਆਂ ਹਨ ਅਤੇ ਸਾਰੇ ਨਭ ਨਾਭ ਪੁਲਾੜ ਵਿਖੇ ਕੋਟਿ ਭਾਨ ਉਜਿਆਰਾ ਕਿਰਣ-ਪਸਰੰਣਤ ਹੋ ਕੇ ਦਗ ਉਠਦਾ ਹੈ। ਸੋਮਸਰ ਲਬਾ-ਲਬ ਹੋ ਕੇ ਮ੍ਰਿਤ-ਸਰ ਨੂੰ ਬੰਨ੍ਹ ਲਗ ਜਾਂਦੇ ਹਨ ਅਤੇ ਅੰਮ੍ਰਿਤ-ਗਟਾਕ ਰਸਾਂ ਦਾ ਅਹਿਨਿਸੀ ਅਮਿਉ-ਪੀਅਣ ਆਇ ਬਣਦਾ ਹੈ ਅਤੇ ਆਦਿ ਨਾਲਿ ਆਦਿ ਅਰ ਨਾਦ ਨਾਲ ਨਾਦ ਮਿਲ ਕੇ, ਜਲ ਨਾਲ ਜਲ ਮਿਲਣ ਵਾਂਗ "ਜਿਉ ਜਲ ਮਹਿ ਜਲੁ ਆਇ ਖਟਾਨਾ ॥ ਤਿਉ ਜੋਤੀ ਸੰਗਿ ਜੋਤਿ ਸਮਾਨਾ"* ਵਾਲੀ 'ਬ੍ਰਹਮੈ ਬ੍ਰਹਮ ਸੇਤੀ' ਓਤਿ ਪੋਤਿ ਇਕ ਜੋਤਿ ਹੋਣ ਵਾਲੀ ਸਹਜ-ਸਮਾਈ ਹੋ ਜਾਂਦੀ ਹੈ। ਜੈਸੇ ਕਿ ਭਾਈ ਗੁਰਦਾਸ ਜੀ ਦਾ ਏਸੇ ਪ੍ਰਥਾਇ ਇਹ ਅਗਲੇਰਾ ਵਾਕ ਐਨ ਢੁਕਵਾਂ ਘਟਦਾ ਹੈ–

ਉਲਟ ਪਵਨ ਮਨ ਮੀਨ ਕੀ ਚਪਲ ਗਤਿ ਸਤਿਗੁਰ ਪਰਚੇ ਪਰਮ ਪਦ ਪਾਏ ਹੈਂ ॥
ਸੂਰ ਸਰ ਸੋਖ ਪੋਖ ਸੋਮਸਰ ਪੂਰਨ ਕੈ ਬੰਧਨ ਦੈ ਮ੍ਰਿਤਸਰ ਅਪਿਅ ਪੀਆਏ ਹੈਂ ॥
ਅਜਰਹਿ ਜਾਰਿ ਮਾਰਿ ਅਮਰਹਿ ਭ੍ਰਾਂਤਿ ਛੋਡਿ ਅਸਥਿਰ ਕੰਧ ਹੰਸ ਅਨਤ ਨ ਧਾਏ ਹੈਂ ॥
ਆਦੈ ਆਦਿ ਨਾਦੈ ਨਾਦਿ ਸਲਿਲੈ ਸਲਿਲ ਮਿਲਿ ਬ੍ਰਹਮੈ ਬ੍ਰਹਮ ਮਿਲਿ ਸਹਜ ਸਮਾਏ ਹੈਂ ॥੧੬॥੮॥

ਐਸਾ ਹੈ ਸ਼ਬਦ ਸੁਰਤ ਦਾ ਪਰਚਾ ਕਿ ਸਹਜ ਸੁਭਾਇ ਹੀ ਸੁਆਸ ਪਵਨ ਨਾਭੀ 'ਚੋਂ ਉਲਟ ਕੇ ਨਭ ਦਸਮ ਦੁਆਰ ਨੂੰ, ਮੀਨ ਦੀ ਚਪਲ ਗਤਿ ਧਾਈ ਕਰਦੇ ਹਨ, ਜੈਸੇ ਮੀਨ ਅਸਗਾਹ ਜਲ ਸਮੁੰਦਰ ਵਿਚ ਇਕੋ ਸਾਰ ਅਤੇ ਇਕੋ ਜਲ ਡੁਬਕਣੀ-ਤਾਰੀ ਦੁਆਰਾ ਕਿਤੇ ਦੀ ਕਿਤੇ ਜਾ ਪੁਜਦੀ ਹੈ ਅਤੇ ਜਿਤਨਾ ਚਿਰ ਚਾਹੇ, ਵਿਚੇ ਬੈਠੀ ਰਹਿੰਦੀ ਹੈ। ਉਸ ਦੀ ਕੁਦਰਤੀ ਬਣਤਰ ਹੀ ਐਸੀ ਬਣੀ ਹੋਈ ਹੁੰਦੀ ਹੈ ਕਿ ਉਸ ਦਾ ਸਾਹ ਨਹੀਂ ਹੁਟਦਾ। ਇਸੇ ਪ੍ਰਕਾਰ ਸ਼ਬਦ ਸੁਰਤ ਅਭਿਆਸੀਆਂ ਦੇ ਸੁਆਸਾਂ ਦੀ ਸਹਜ-ਗਤਿ ਐਸੀ ਹੋਇ ਆਂਵਦੀ ਹੈ ਕਿ ਉਹ ਜਦ ਚਾਹੁਣ, ਇਕੋ ਹਜਕੋਰੇ ਨਾਲ, ਸੁਆਸ ਰਸ ਹਿਲੋਰੇ ਨਾਲ ਨਾਭੀ ਤੋਂ ਨਭ ਆਕਾਸ਼ ਵਿਖੇ ਜਾ ਉਡਾਰੀਆਂ ਮਾਰਨ ਅਤੇ ਜਿਤਨਾ ਚਿਰ ਚਾਹੁਣ, ਦਸਮ ਦੁਆਰ ਵਿਖੇ ਸੁਆਸ ਅਸਥਿਰ ਰਖ ਕੇ ਅਨੰਦ ਮਾਨਣ। ਜੈਸੇ ਕਿ ਅਗਲੇਰੇ ਭਾਈ ਗੁਰਦਾਸ ਜੀ ਦੇ ਕਬਿੱਤ ਦਾ ਭਾਵ ਹੈ–

ਸਬਦ ਸੁਰਤਿ ਲਿਵ ਗੁਰਸਿਖ ਸੰਧਿ ਮਿਲੈ ਸਸਿ ਘਰ ਸੂਰ ਪੂਰਿ ਨਿਜ ਘਰਿ ਆਏ ਹੈਂ ॥
ਉਲਟ ਪਵਨ ਮਨ ਮੀਨ ਤ੍ਰਿਬੇਨੀ ਪ੍ਰਸੰਗ ਤ੍ਰਿਕੁਟੀ ਉਲੰਘ ਸੁਖ ਸਾਗਰ ਸਮਾਏ ਹੈਂ ॥
ਤ੍ਰਿਗੁਨ ਅਤੀਤ ਚਤੁਰਥ ਪਦ ਗੰਮਿਤਾ ਕੈ ਨਿਝਰ ਅਪਾਰ ਧਾਰ ਅਮਿਅ ਚੁਆਏ ਹੈਂ ॥
ਚਕਈ ਚਕੋਰ ਮੋਰ ਚਾਤ੍ਰਿਕ ਅਨੰਦਮਈ ਕਦਲੀ ਕਮਲ ਸੋ ਬਿਮਲ ਜਲ ਛਾਏ ਹੈਂ ॥੨੮॥

ਇਸ ਕਬਿਤ ਵਿਚ ਭਾਈ ਗੁਰਦਾਸ ਜੀ ਗੁਰਮਤਿ ਸ਼ਬਦ ਸੁਰਤ ਲਿਵ ਅਭਿਆਸ ਦੀ ਸਹਿਜ-ਜੋਗ ਕਲਾ ਦੀ ਵਿਲੱਖਣਤਾਈ ਵਰਨਣ ਕਰਦੇ ਹਨ ਕਿ ਸਹਿਜੇ ਸੁਖੈਨ ਹੀ ਸਾਰੀਆਂ ਸੰਧੀਆਂ ਮਿਲ ਕੇ 'ਸਸਿ ਘਰ ਸੂਰ ਪੂਰਿ' ਨਿਜ ਘਰਿ ਆ ਪਰਵੇਸ਼ ਕਰੀਦਾ ਹੈ। ਇਥੇ ਇੜਾ ਪਿੰਗਲਾ ਸੁਰਾਂ ਦੇ ਦਬਣ ਰੋਕਣ ਵਾਲੇ ਹਠ-ਜੋਗ ਦੇ ਬਿਕਟ ਸੰਕਟੀ ਝਮੇਲੇ ਵਿਚ ਪੈਣ ਦੀ ਲੋੜ ਨਹੀਂ। ਜਿਵੇਂ ਮੀਨ ਤ੍ਰਿਬੇਣੀ ਵਿਖੇ ਉਲਟ-ਪਵਣ ਡੁਬਕ-ਤਾਰੀਆਂ ਲਾ ਕੇ ਸੁਖੈਨ ਹੀ ਤ੍ਰਿਬੇਣੀ ਦੇ ਆਰ ਪਾਰ ਲੰਘ ਜਾਂਦੀ ਹੈ, ਇਸੇ ਪਰਕਾਰ ਸ਼ਬਦ ਸੁਰਤਿ ਅਭਿਆਸੀ ਜਨ ਟੁਕ-ਦੰਮ ਕਰਾਰੀਆਂ, ਉਲਟ-ਪਵਨ ਨਭ-ਉਡਾਰੀਆਂ ਮਾਰ ਕੇ ਤ੍ਰਿਕੁਟੀਆਂ ਸਹਜ ਸੁਖੈਨ ਹੀ ਉਲੰਘ ਕੇ ਸੁਖ-ਸਾਗਰ ਵਿਖੇ ਜਾਇ ਸਮਾਉਂਦਾ ਹੈ। ਉਸ ਨੂੰ ਪ੍ਰਾਣਾਯਾਮੀ ਹਠ-ਯੋਗ ਕਰਿ ਤ੍ਰਿਕੁਟੀ ਖੁਲ੍ਹਣ ਦੀ ਕਸ਼ਟ-ਕਿਰਿਆ ਕਰਨੀ ਹੀ ਨਹੀਂ ਪੈਂਦੀ। ਸ਼ਬਦ-ਅਭਿਆਸ ਸੁਰਤੀਆ, ਸੁਆਸ-ਸਫੁਰਤੀਆ ਗੁਰਮੁਖ ਯੋਗੀ ਜਨ ਤ੍ਰਿਗੁਣ ਅਤੀਤ ਬੀਤ ਰਾਗ ਅਨੁਰਾਗੀ ਹੋਇ ਕੈ ਤੁਰੀਆ ਪਦ ਵਿਖੇ ਸਹਜੇ ਜਾ ਗੰਮਤਾ ਗਤਾਉਂਦਾ ਹੈ। ਬਸ, ਓਥੇ ਫੇਰ ਬਸ "ਨਿਝਰ ਅਪਾਰ ਧਾਰ ਅਮਿਅ ਚੁਆਏ ਹੈਂ" ਵਾਲੇ ਪਰਮ ਅਨੰਦ ਵਿਚਿ ਬਿਸਮ ਅਹਿਲਾਦ ਰਸ ਮਾਣਦਾ ਹੈ। ਭਲਾ ਇਸ ਪਦ ਦੀ ਕੋਈ ਕੀ ਵਿਆਖਿਆ ਕਰੇ ! ਬਸ, ਓਹਨਾਂ ਦੇ ਮਹਾਂ ਰਸ ਪਰਮ ਅਨੰਦ ਦੀ ਦ੍ਰਿਸ਼ਟਾਂਤੀ ਮਿਸਾਲ

* ਗਉੜੀ ਸੁਖਮਨੀ ਮ: ੫, ਪੰਨਾ ੨੭੮



www.AKJ.Org

ਇਸ ਦ੍ਰਿਸ਼ਟਮਾਨ ਦੁਨੀਆ ਵਿਚ ਚਕਵੀ, ਚਕੋਰ, ਮੋਰ, ਚਾਤ੍ਰਿਕ ਆਦਿ ਦੀ ਅਨੰਦਮਈ ਬਿਵਸਥਾ ਦੀ ਹੀ ਮਿਲਦੀ ਹੈ। ਜੈਸੇ ਕਿ ਚਕਵੀ ਚਕਵੇ ਨੂੰ ਮਿਲ ਕੇ ਅਨੰਦਤ ਹੁੰਦੀ ਹੈ; ਅਤੇ ਚਕੋਰ ਚੰਦ ਨੂੰ ਦੇਖ ਕੇ ਅਨੰਦਤ ਹੁੰਦਾ ਹੈ ਅਤੇ ਮੋਰ ਘਨਘੋਰ ਨੂੰ ਸੁਣ ਕੇ ਮਸਤੁਲ-ਮਸਤ ਹੋ ਪੈਲ ਪਾਉਂਦਾ ਹੈ, ਤੇ ਚਾਤ੍ਰਿਕ ਸੁਆਂਤਿ ਬੂੰਦ ਨੂੰ ਪਾਨ ਕਰ ਕੇ ਅਨੰਦਤ ਹੁੰਦਾ ਹੈ, ਤਿਸ ਅਨੰਦ ਨੂੰ ਓਹੀ ਜਾਨਣ ਜੋ ਮਾਣਦੇ ਹਨ। ਇਸੇ ਪ੍ਰਕਾਰ ਸ਼ਬਦ ਸੁਰਤਿ ਅਭਿਆਸੀ ਜਨ ਹੀ ਦਸਮ ਦੁਆਰ ਸਹਜ ਪਦ ਦੇ ਅਨੰਦ, ਪਰਮ ਅਨੰਦ ਨੂੰ ਜਾਣ ਮਾਣ ਸਕਦੇ ਹਨ। ਓਹ ਕਦਲੀ ਕਮਲ ਤੇ ਬਿਮਲ ਜਲ ਵਿਖੇ ਹੀ ਤ੍ਰਿਬੁਡ ਰਹਿ ਕੇ ਆਨੰਦਤ ਰਹਿੰਦੇ ਹਨ, ਐਵੇਂ ਨਹੀਂ।

ਐਸੇ ਸ਼ਬਦ ਸੁਰਤਿ ਅਭਿਆਸੀ ਜਨ "ਉਲਟ ਪਵਨ ਮਨ ਮੀਨ ਕੀ ਚਪਲ ਗਤਿ" ਮਈ ਸਹਜ ਜੋਗ ਦੇ ਪਰਤਾਪ ਦੁਆਰਾ ਸਹਿਜੇ ਹੀ ਬ੍ਰਹਮ ਸਥਾਨ ਵਿਖੇ ਜਾਇ ਪਰਵੇਸ਼ ਕਰਦੇ ਹਨ। ਉਨ੍ਹਾਂ ਨੂੰ ਇੜਾ, ਪਿੰਗਲਾ, ਸੁਖਮਨਾ ਦੇ ਸੰਗਮ ਮਿਲਾਉਣ ਦਾ ਹਠ-ਯੋਗੀ ਤਰਲਾ ਲੈਣਾ ਹੀ ਨਹੀਂ ਪੈਂਦਾ। ਉਹ ਬ੍ਰਹਮ ਸਥਾਨ ਵਿਖੇ ਅਸਥਿਤ ਹੋ ਕੇ ਐਉਂ ਪਰਮਾਨੰਦ ਪਰਮਾਤਮਾ ਦੀ ਜੋਤਿ ਵਿਖੇ ਲੀਨ ਹੋ ਜਾਂਦੇ ਹਨ, ਜਿਵੇਂ ਨਦੀਆਂ ਦਾ ਜਲ ਸਾਗਰ ਵਿਖੇ ਜਾਇ ਲੀਨ ਹੁੰਦਾ ਹੈ, ਜਿਵੇਂ ਘਨਘੋਰ ਘਟਾ ਗਗਨ ਵਿਖੇ ਜਾਇ ਲੀਨ ਹੁੰਦੀ ਹੈ। ਉਹ ਉਨਮਨੀ ਆਨੰਦ ਮਸਤੀ ਵਿਚ ਮਗਨ ਰਹਿੰਦੇ ਹਨ ਅਤੇ ਉਨ੍ਹਾਂ ਦੀ ਲਗਨ ਏਕੋ ਗੁਰ-ਪ੍ਰਚੰਡ ਗਿਆਨ ਦੀ ਸਾਖਸ਼ਾਤ-ਕਾਰਤਾ ਵਿਖੇ ਬਣੀ ਰਹਿੰਦੀ ਹੈ, ਉਹ ਜੋਤੀ ਸਰੂਪ (ਵਾਹਿਗੁਰੂ) ਵਿਚਿ ਜੋਤੀ ਜੋਤਿ ਸਮਾਇ ਕੇ ਦਾਮਨੀ ਚਮਤਕਾਰ ਵਾਲਾ ਸੱਚਾ ਸਾਖਸ਼ਾਤਕਾਰੀ ਦਰਸ਼ਨ-ਅਨੰਦ ਮਾਣਦੇ ਹਨ। ਉਸ ਬਿਵਸਥਾ ਵਿਖੇ ਅਨਹਦ ਸ਼ਬਦ ਦੀਆਂ ਗਰਜਾਂ ਨਿਰਾਲੀਆਂ ਹੀ ਸੁਣਾਈ ਦਿੰਦੀਆਂ ਹਨ। ਉਥੇ ਅੰਮ੍ਰਿਤ ਜਲ ਦੀ ਨਿਝਰ ਅਪਾਰ ਧਾਰ ਬਰਖਾ ਹੁੰਦੀ ਰਹਿੰਦੀ ਹੈ। ਇਸ ਪਰਕਾਰ ਸ਼ਬਦ ਸੁਰਤ ਦੀ ਸਫਲੀ ਸੁਕ੍ਰਿਤ ਕਾਰ ਸੇਵਾ ਦੇ ਸੇਵਕ ਜਨਾਂ ਨੂੰ ਸਕਲ ਫਲ, ਸਰਬ ਨਿਧਾਨ ਦੀ ਪ੍ਰਾਪਤੀ ਹੋਇ ਆਂਵਦੀ ਹੈ। ਇਨ ਬਿਨ ਇਸ ਉਪਰਲੀ ਬਿਵਸਥਾ ਨੂੰ ਭਾਈ ਗੁਰਦਾਸ ਜੀ ਦਾ ਇਹ ਅਗਲਾ ਕਬਿੱਤ ਨਖਾਰ ਕੇ ਸਪਸ਼ਟ ਕਰਦਾ ਹੈ–

ਉਲਟ ਪਵਨ ਮਨ ਮੀਨ ਕੀ ਚਪਲ ਗਤਿ ਸੁਖਮਨਾ ਸੰਗਮ ਕੈ ਬ੍ਰਹਮ ਸਥਾਨ ਹੈ ॥
ਸਾਗਰ ਸਲਿਲ ਗਹਿ ਗਗਨ ਘਟਾ ਘਮੰਡ ਉਨਮਨ ਮਗਨ ਲਗਨ ਗੁਰ ਗਜਾਨ ਹੈ ॥
ਜੋਤਿ ਮੈਂ ਜੋਤੀ ਸਰੂਪ ਦਾਮਿਨੀ ਚਮਤਕਾਰ ਗਰਜਤ ਅਨਹਦ ਸਬਦ ਨੀਸਾਨ ਹੈ ॥
ਨਿਝਰ ਅਪਾਰ ਧਾਰ ਬਰਖਾ ਅੰਮ੍ਰਿਤ ਜਲ ਸੇਵਕ ਸਕਲ ਫਲ ਸਰਬ ਨਿਧਾਨ ਹੈ ॥੨੫॥੫੯॥

ਫੇਰ ਭਾਈ ਗੁਰਦਾਸ ਜੀ ਦਾ ਇਕ ਹੋਰ ਕਬਿੱਤ ਭੀ ਏਸੇ ਬਿਵਸਥਾ ਨੂੰ ਹੋਰ ਅਨੂਪਮ ਰੰਗ ਵਿਚ ਇਉਂ ਰੰਗੀਜਦਾ ਹੈ। ਯਥਾ–

ਉਲਟਿ ਪਵਨ ਮਨ ਮੀਨ ਕੀ ਚਪਲ ਗਤਿ ਦਸਮ ਦੁਆਰ ਪਾਰ ਅਗਮ ਨਿਵਾਸ ਹੈ ॥
ਤਹ ਨ ਪਾਵਕ ਪਵਨ ਜਲ ਪ੍ਰਿਥਵੀ ਅਕਾਸ਼ ਨਾਹਿ ਸਸਿ ਸੂਰ ਉਤਪਤਿ ਨ ਬਿਨਾਸ ਹੈ ॥
ਨਾਹਿ ਪਰਕਿਰਤਿ ਬਿਰਤਿ ਪਿੰਡ ਪ੍ਰਾਨ ਗਿਆਨ ਸਬਦੁ ਸੁਰਤਿ ਨਾਹਿ ਦ੍ਰਿਸਟਿ ਨ ਪ੍ਰਗਾਸ ਹੈ ॥
ਸ੍ਵਾਮੀ ਨਾ ਸੇਵਕ ਉਨਮਾਨ ਅਨਹਦਿ ਪਰੈ ਨਿਰਾਲੰਬ ਸੁੰਨ ਮੈਂ ਨ ਬਿਸਮ ਬਿਸ੍ਵਾਸ ਹੈ ॥੫੨੯॥

ਇਸ ਕਬਿਤ ਵਿਖੇ ਨਿਰੂਪਨ ਕੀਤੀ ਪਰਮ ਪਦ ਬਿਵਸਥਾ ਦੀ ਕੋਈ ਕੀ ਵਿਆਖਿਆ ਕਰੇ, ਬਸ ਦੇਖਾ ਹੀ ਪ੍ਰਵਾਨ ਹੈ।

ਸ਼ਬਦ ਸੁਰਤਿ ਅਭਿਆਸ ਦੁਆਰਾ "ਉਲਟ ਪਵਨ ਮਨ ਮੀਨ ਕੀ ਚਪਲ ਗਤਿ" ਪ੍ਰਾਪਤ ਹੋਇ ਕਰਿ ਅਭਿਆਸੀ ਜਨ ਦਾ ਦਸਮ ਦੁਆਰੋਂ ਪਾਰ ਅਗਮ ਨਿਵਾਸ ਹੋ ਜਾਂਦਾ ਹੈ (ਅਗੰਮ ਵਿਚ ਗੰਮਤਾ ਹੋ ਜਾਂਦੀ ਹੈ) ਜਿਥੇ ਪਰਗਟ ਕਰਿ ਪਾਵਕ (ਅਗਨੀ), ਪਉਣ, ਪ੍ਰਿਥਮੀ, ਅਕਾਸ਼, ਸਸਿ (ਚੰਦ), ਸੂਰ (ਸੂਰਜ) ਅਤੇ ਉਤਪਤ ਪਰਲੋ ਸਭ ਦਾ ਅਭਾਵ ਹੋ ਜਾਂਦਾ ਹੈ। ਪਰਕਿਰਤੀਆਂ ਨਵਿਰਤੀਆਂ, ਪਿੰਡ, ਪ੍ਰਾਣ, ਗਿਆਨ-ਗਿਣਤੀਆਂ ਉਰੇਡੇ ਹੀ ਰਹਿ ਜਾਂਦੀਆਂ ਹਨ। ਅਨਹਦ ਨਿਰਾਲੰਬ ਸੁੰਨ ਪਦ ਵਿਖੇ ਸ਼ਬਦ ਸੁਰਤਿ, ਸੁਰਤਾ ਅਤੇ ਦ੍ਰਿਸ਼ਟ


www.AKJ.Org

ਪਰਗਾਸ ਦ੍ਰਿਸ਼ਟਾ ਦਾ ਵਿਤਕਰਾ ਦੂਰ ਹੋ ਜਾਂਦਾ ਹੈ। ਨਾਮ-ਅਭਿਆਸ ਅਭਿਆਸੀ ਜਨ (ਸੇਵਕ) ਅਤੇ ਨਾਮੀ ਵਾਹਿਗੁਰੂ ਅਕਾਲ ਪੁਰਖ ਸੁਆਮੀ ਦੀ ਉਨਮਾਨ ਅਨਹਦ ਪਰੈ ਇਕ-ਮਿਕਤਾ ਹੋ ਜਾਂਦੀ ਹੈ, ਕੋਈ ਪਹਿਚਾਨ ਨਹੀਂ ਰਹਿੰਦੀ। ਨਿਰਾਲੰਬ, ਸੁੰਨ ਸਮਾਧ ਦੀ ਅਗਾਧ ਬੋਧ ਪਦ ਪ੍ਰਾਪਤੀ ਸਮੇਂ ਬਿਸਮਤ ਅਤੇ ਬਿਸਮਤਾ ਬਿਸ੍ਰਾਸ ਅਹਿਸਾਸ ਘੁਲ ਮਿਲਿ ਘਿਚ ਸਹਿਜ ਸਰਿਚ ਹੋ ਜਾਂਦੀ ਹੈ।

( ੨ )

ਅਖੰਡ ਕੀਰਤਨੀ ਮੰਡਲ ਮਈ ਸਤਿਸੰਗ ਰੂਪੀ ਗੁਰ-ਗੁਫਾ ਵਿਚਿ ਬਹਿ ਕੇ ਨਾਮ ਅਭਿਆਸੀ ਗੁਰਮੁਖਾਂ ਦੀ ਸ਼ਬਦ-ਸੁਰਤਿ ਅਭਿਆਸ-ਲਿਵਤਾਰ ਅਤੀ ਤੀਬਰ ਅਤੇ ਤੀਖਣ ਸੁਰਅਤ ਦੇ ਵੇਗ ਵਿਚਿ ਅਭਿਆਸੀ ਜਨ ਨੂੰ ਦਸਮ ਦੁਆਰ ਵਿਖੇ ਜਾਇ ਜੋੜਦੀ ਹੈ। ਇਹ ਸ਼ਬਦ-ਸੁਰਤਿ ਦੇ ਚੜ੍ਹਾਂਉ ਦੀ ਸੁਰਅਤੀ ਖੇਡ "ਉਲਟ ਪਵਨ ਮਨ ਮੀਨ ਕੀ ਚਪਲ ਗਤਿ" ਵਾਲੀ ਫੁਰਤੀ ਦੀ ਹੁੰਦੀ ਹੈ। ਜਿਸ ਪ੍ਰਕਾਰ ਮੀਨ (ਮਛਲੀ) ਇਕ ਹੀ ਫੁਰਤੀਲੀ ਚੁਭੀ (ਚਪਲ) ਦੁਆਰਾ ਪੁਠੀ ਬਿਜਲੀ-ਤਾਰੀ ਲਾ ਕੇ ਅਥਾਹ ਸਮੁੰਦਰ ਦੀ ਗਹਿਰਾਈ ਨੂੰ ਫੋਰੇ ਵਿਚ ਹੀ ਜਾਇ ਗਾਖਦੀ ਹੈ, ਏਸੇ ਪਰਕਾਰ ਸ਼ਬਦ ਸੁਰਤਿ ਅਭਿਆਸ ਦੇ ਸੁਰਅਤੀਲੇ (ਤੇਜ਼) ਫੁਰਤੀਲੇ ਜਨ ਏਕੈ ਰਸ ਜੋਤਿ-ਵਿਗਾਸੀ ਲਿਵ-ਲੋਰ ਦੇ ਹੁਜਕੇ ਅੰਦਰ ਹੀ ਦਸਮ ਦੁਆਰ ਵਿਖੇ ਜਾਇ ਪਰਵੇਸ਼ ਕਰਦੇ ਹਨ। ਇਸ ਬਿਧਿ ਅਜਪਾ ਜਾਪ ਕਰਦੇ ਕਰਦੇ, ਰਸਨ ਗੁੱਰਾਟੀ ਨਾਮ ਜਪਦੇ ਜਪਦੇ, ਨਾਮ ਅਭਿਆਸ ਦੀ ਪਾਰਸ ਰਸਾਇਣੀ ਕਲਾ ਅਜਿਹੀ ਵਰਤਦੀ ਹੈ ਕਿ ਘਟ ਹਿਰਦੇ ਅੰਦਰਿ ਨਾਮ ਜੋਤਿ ਕਿਰਨੀ ਵਿਗਾਸ ਹੋਇ ਆਂਵਦਾ ਹੈ, ਅਚਿੰਤੇ ਹੀ ਇਕ-ਦਮ ਹੋਇ ਆਂਵਦਾ ਹੈ। ਇਸ ਰਸ-ਜੋਤਿ-ਲੀਣ ਵਿਗਾਸ ਦੀ ਝਾਲ ਝਲਣੀ ਕੋਈ ਸੁਖੱਲਾ ਕੰਮ ਨਹੀਂ। ਇਥੇ ਬਿਨਤੀ ਅਰਦਾਸ ਦੁਆਰਾ ਹੀ ਠਲ੍ਹ ਪੈਂਦੀ ਹੈ। ਇਸ ਪਹਿਲੀ ਨਵਲ ਨਵੇਲੀ ਅਲੌਕਿਕ ਸੁਆਦ ਅਹਿਲਾਦੀ ਝਰਨਾਟ ਦਾ ਪਹਿਲਾ ਜਰਨ-ਜਰਨਾਉ ਅਤੀ ਅਜਰ ਹੁੰਦਾ ਹੈ। ਜਿਸ ਵਡਭਾਗੇ ਜਨ ਨੇ ਨਦਰ-ਕਰਮਾਉ ਦੇ ਪ੍ਰਸਾਦ ਕਰਿ ਇਸ ਪਹਿਲੀ ਝਰਨਾਟ ਨੂੰ ਜਰ ਲਿਆ, ਉਸ ਦੇ ਅਗੰਮੀ ਅਭਿਆਸ ਦੇ ਆ-ਮੁਹਾਰੇ ਤੋਰੇ ਅਤੋਰੇ ਹੀ ਤੁਰ ਪੈਂਦੇ ਹਨ। ਉਸ ਨੂੰ ਦਸਮ ਦੁਆਰੀ ਖੇਡ ਦੇ ਫੋਰੇ ਅਫੋਰੇ ਹੀ ਫੁਰ ਪੈਂਦੇ ਹਨ। ਰਸ-ਵਿਗਾਸਨੀ ਚਾਸ਼ਨੀ ਦਾ ਅਗਾਧ ਬੋਧ ਸੁਆਦ ਉਸ ਨੂੰ ਘਟ ਵਿਗਾਸੀ ਅਨੰਦ ਉਲਾਸ ਦੀ ਰਸ-ਮਗਨਤਾ ਤੋਂ ਹਿੱਲਣ ਹੀ ਨਹੀਂ ਦਿੰਦਾ। ਸਹਿਜੇ ਹੀ ਰਸ-ਵਿਗਾਸੀ ਸੁਆਸਾਂ ਦੇ ਉਤਰਾਉ ਚੜ੍ਹਾਉ ਦੀ ਅਭਿਆਸ-ਤਾਰ ਹਿਰਦੰਤਰੀ ਪੁਲਾੜ ਅੰਦਰ ਬਝ ਜਾਂਦੀ ਹੈ। ਨਿਰਯਤਨ ਹੀ ਸੁਆਸ ਵਿਗਾਸੀ ਅਭਿਆਸ ਹੋਣ ਲਗ ਪੈਂਦਾ ਹੈ। ਇਸ ਅਭਿਆਸ ਨੂੰ ਪੂਰਨ ਅਜਰ ਜਰਨਾਉ ਪ੍ਰਾਪਤ ਹੋਣ ਦੀ ਬਿਵਸਥਾ ਤਾਈਂ ਇਕ-ਰਸ ਜਾਰੀ ਰਹਿਣ ਦੇਣਾ ਲੋੜੀਦਾ ਹੈ। ਇਹ ਕੋਈ ਥੋੜਾ ਰਸ ਬਿਸਮਾਉ ਨਹੀਂ ਹੁੰਦਾ। ਨਵਲ ਸੁਹਾਗ ਦਾ ਇਕ ਅਤਿ ਅਦਭੁਤ ਆਤਮ ਭੋਗ ਹੁਲਾਸ ਹੁੰਦਾ ਹੈ, ਜਿਸ ਵਿਚ ਜਗਿਆਸੂ ਜਨ ਦਾ ਮਨ ਅਤਿ ਗੂੰਦਾ ਹੋ ਕੇ ਬੇਧਿਆ ਜਾਂਦਾ ਹੈ। ਸੁਰਤੀਆਂ ਬਿਰਤੀਆਂ ਦਾ ਸਾਰਾ ਖਿੰਡਾਉ ਇਕ ਚੁੰਬਕ ਰਸ ਕੇਲ-ਕੇਲਾਉ ਵਾਲੇ ਟਿਕਾਂਉ ਅੰਦਰ ਖਿੱਚਿਆ 'ਮਰਕਜ਼ਿੱਚਿਆ' ਜਾਂਦਾ ਹੈ। ਇਸ ਰਸ-ਮਰਕਜ਼ੀ ਅਹਿਲਾਦ ਦੇ ਅਗੰਮੀ ਪਰਭਾਉ ਕਰਿ ਸਾਰੇ ਫੁਰਨਿਆਂ ਕੁਫਰਨਿਆਂ, ਸੰਕਲਪਾਂ ਵਿਕਲਪਾਂ ਦਾ ਸੁਤੇ ਸਹਿਜ ਹੀ ਅਭਾਵ ਹੋ ਜਾਂਦਾ ਹੈ। ਪਵਨ ਰਸ ਸੁਆਸੀ ਅਭਿਆਸ ਐਸੇ ਠਹਿਰਾਉ, ਸਹਿਜਾਉ ਤੇ ਰਹਿਸਾਉ ਅੰਦਰ ਹੋਇ ਆਵੰਦਾ ਹੈ ਕਿ ਇਸ ਅਗਾਧ ਆਤਮ-ਰਸ ਪ੍ਰਾਇਣ ਹੋਇ ਸੁਆਸਾਂ ਨੂੰ ਭਾਵੇਂ ਕਿਤਨਾ ਚਿਰ ਹੀ ਨਾਭ ਕੰਵਲ ਅੰਦਰਿ ਠਹਿਰਾਈ ਰਖੋ, ਇਨ੍ਹਾਂ ਦਾ ਅਰਧ ਉਰਧੀ ਵੇਗ-ਵਿਗਾਉ ਹੋਣਾ ਹੀ ਨਹੀਂ ਪਾਉਂਦਾ। ਪਵਨ ਰਸ-ਸੁਆਸਾਂ ਦੇ ਵੇਗ ਨੂੰ ਭਾਵੇਂ ਕਿਤਨਾ ਚਿਰ ਹੀ ਨਾਭੀ ਅੰਦਰਿ ਅਟਕਾਈ ਰਖੋ, ਅਦੁਤੀ ਅਨੰਦ-ਲਹਿਰਾਉ ਵਿਚ ਅਟਕੇ ਰਹਿਣਗੇ ਅਤੇ ਸੁਰਤੀ ਰਸ-ਜੋਤਿ-ਠਹਿਰਾਉ ਵਾਲੇ ਆਤਮ-ਵਿਗਾਸੀ ਮਰਕਜ਼, ਅਰਥਾਤ ਮਹਾਂ ਅਨੰਦ ਝਰਨਾਟੀ ਨਾਭ ਕੰਵਲ ਵਿਚ ਹੀ ਖੁਭੀ ਰਹੇਗੀ। ਜਿਤਨਾ ਚਿਰ ਤੀਕ ਸੁਰਤੀ ਦਾ ਖੁਭਾਉ ਬਣਿਆ ਰਹੇਗਾ, ਉਤਨਾ ਚਿਰ ਹੀ ਸੁਆਸਾਂ ਦਾ ਅਟਕਾਉ ਓਥੇ ਅਟਕਿਆ ਰਹੇਗਾ। ਇਸ ਆਤਮ ਬਿਵਸਥਾ ਦੇ ਅਰੂੜ ਹੋਣ ਪਰ ਕੋਈ ਸਮਾਂ ਐਸਾ


www.AKJ.Org

ਆਵੇਗਾ ਕਿ ਸੁਆਸਾਂ ਦੇ ਧਣਖ ਦੇ ਚਿੱਲੇ ਨੂੰ ਪ੍ਰੇਮ ਚਾਬਕ ਦੇ ਟਿੱਲੇ, ਹਿਜਕੇ ਦੁਆਰਾ ਚੜ੍ਹਾਇ ਕੇ ਇਕ-ਦਮ ਨਾਭੀ 'ਚੋਂ ਨਭ (ਦਸਮ ਦੁਆਰ) ਵਿਖੇ ਲਿਜਾਇਆ ਜਾ ਸਕੇਗਾ। ਬਸ, ਇਕੋ ਹੁਜਕਾ ਹੀ ਦਰਕਾਰ ਹੈ। ਹੇਠਾਂ ਨਾਭ ਕੰਵਲ ਵਿਚ ਖਿੱਚੀ ਹੋਈ ਰਸ-ਜੋਤਿ-ਤਣੀ ਉਪਰਵਾਰ ਨੂੰ ਪੁੱਠੀ ਤਾਰੀ ਵਾਲੀ ਚੁਭੀ ਦਸਮ ਦੁਆਰ ਵਿਖੇ ਲੈ ਜਾਇ ਖੇਡਾਇਗੀ। ਘਟਅੰਤਰੀ ਆਤਮ ਵਿਗਸਾਉ ਵਾਲੇ ਸਾਰੇ ਜੋਤਿ ਪੁਲਾੜ ਦਾ ਫੈਲਾਉ ਨਾਭ ਤੋਂ ਨਭ ਤਾਈਂ ਫੈਲ ਜਾਏਗਾ, ਪਰ ਇਸ ਦਾ ਮਹਾਂ ਅਨੰਦਨੀ ਜੋਤਿ-ਜਲਵਾਉ ਅਗੇ ਨਾਲੋਂ ਅਤਿ ਅਪਾਰ ਗੁਣਾ ਹੋ ਜਾਏਗਾ। ਟਹਿਕ-ਟਹਿਕਾਉ ਸਹਿਜਾਉ ਵਾਲੇ ਦਸਮ ਦੁਆਰੀ ਟਿਕਾਉ ਦਾ ਵਧਾਉ ਭੀ ਅਤਿ ਅਧਿਕਾਉ ਵਿਚ ਵਧਦਾ ਜਾਏਗਾ ਅਤੇ ਹਰੇਕ ਤਾਰੀ ਵਿਚ ਵਧਦਾ ਰਹੇਗਾ। ਨਾਭੀ ਅੰਦਰ ਪਵਨ ਰਸ ਜੋਤਿ ਦਾ ਦਬਾਉ ਓਵੇਂ ਜਿਵੇਂ ਹੀ ਦਬਿਆ ਰਹੇਗਾ। ਸੁਆਸੀ ਪ੍ਰਾਣ ਆਤਮੀ ਜੋਤਿ ਝਰਨਟ ਦਾ ਸਦਕਾ ਉਤਾਹਾਂ ਨੂੰ ਜਾ ਚੜ੍ਹੇਗਾ। ਇਕ ਫੁਰਤ-ਸਫੁਰਤੀ ਬਿਜਲ ਸੁਰਅਤ (ਫੁਰਤੀ) ਵਿਚ ਰਸ-ਜੋਤਿ ਅਕ੍ਹਖਣੀ ਲਿਵਤਾਰ ਚੁਭੀ ਲਾਇ ਕੇ ਅਭਿਆਸੀ ਜਨ ਦਾ ਗੈਣ ਸਰਵਰੀ ਅਥਾਹ ਜੋਤਿ ਵਿਗਾਸੀ ਪੁਲਾੜ ਅੰਦਰ ਜਾਏ ਪਰਵੇਸ਼ ਹੋਵੇਗਾ ਅਤੇ ਆਪਣੀ ਮੌਜ ਅਨੁਸਾਰ ਹੀ ਉਪਰਲੇ ਔਜ ਤੋਂ ਉਤਰ ਕੇ ਫੇਰ ਉਸੇ ਉਰਧੰਤਰੀ ਲਿਵਤੌਜ ਵਿਚ ਮਸਤ-ਮਸਤੌਜੀ ਅਭਿਆਸ ਜਾਰੀ ਰਖੇਗਾ। ਨਭ-ਨਾਭੰਤਰੀ ਤਾਰ ਜੁੜੀ ਜੁੜਾਈ ਹੀ ਰਹੇਗੀ। ਉਪਰਲੀ ਜਾਂ ਹੇਠਲੀ ਖੇਡ ਵਿਚ ਸੁਆਸਾਂ ਪ੍ਰਾਣਾਂ ਦੇ ਬਿਨਸ ਬਿਨਸਾਉ ਦਾ ਖ਼ੌਫ਼ ਖ਼ਤਰਾ ਮੂਲੋਂ ਨਹੀਂ ਰਹੇਗਾ। ਜੋਤਿ-ਵਿਗਾਸ ਰਸ ਦੇ ਸ਼ਗੁਫ਼ਤਾਉ ਅੰਦਰ ਹੀ ਉਤਰਾਉ ਚੜ੍ਹਾਉ ਦੀ ਸਾਰੀ ਖੇਡ ਖੇਡੀ ਜਾਂਦੀ ਹੈ ਅਤੇ ਸਹਿਜ-ਸਹਿਜਾਉ ਆਤਮ ਬਿਵਸਥਾ ਦੇ ਕੇਲ-ਕੇਲਾਉ ਵਿਚ ਹੀ ਖੇਡੀ ਜਾਂਦੀ ਹੈ। ਜਦ ਤਾਈਂ ਅਭਿਆਸੀ ਜਨ ਦਾ ਇਹ ਸ਼ਗੁਫ਼ਤਾਉ ਅਤਿ ਪ੍ਰਬਲ ਲਹਿਰਾਉ ਵਿਚ ਨ ਆ ਜਾਵੇ, ਓਦੋਂ ਤਾਈਂ ਉਤਰਾਰਧੀ ਚੜ੍ਹਾਉ ਚੜ੍ਹਨ ਦਾ ਹਮਾਕਤੀ ਹਠ-ਹਠਾਉ ਨਹੀਂ ਕਰਨਾ ਚਾਹੀਦਾ, ਕਿਉਂਕਿ ਹਠ-ਯੋਗ ਦੀ ਤਾਂ ਐਥੇ ਲੋੜ ਹੀ ਨਹੀਂ। ਗੁਰਮਤਿ ਦਾ ਇਹ ਸਹਿਜ-ਜੋਗ ਸੁਤੇ ਸੁਭਾਵ ਅਨੰਦ-ਲਹਿਰੀ-ਵਿਗਾਸ ਵਿਚ ਹੋਇ ਆਂਵਦਾ ਹੈ। ਏਸ ਸਹਿਜ ਵਿਗਾਸੀ, ਦਸਮ ਦੁਆਰ ਸਹਿਜਾਸੀ ਪਦ ਨੂੰ ਪੁਗ ਕੇ "ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲੁ ਪਛਾਣੁ"* ਵਾਲੇ ਗੁਰਵਾਕ ਦੇ ਭਾਵ ਅਨੁਸਾਰ ਇਸ ਦੀ ਪਛਾਣ ਆਉਂਦੀ ਹੈ ਕਿ ਆਪੇ ਦਾ ਅਸਲਾ ਆਤਮ-ਅੰਸੀਆ ਹੀ ਹੈ। ਜੋਤਿ ਸਰੂਪੀ ਆਤਮ-ਅੰਸ ਜੋਤੀਸ਼ ਪਰਮਾਤਮਾ ਦਾ ਅੰਸ-ਅਸਲਾ ਇਕੋ ਹੀ ਹੈ। ਜੋਤਿਅੰਸੀ ਆਤਮ-ਵਿਤੰਸੀ ਆਪਾ ਚੀਨੇ ਬਿਨਾ ਭਰਮ ਦੀ ਕਾਈ ਨਹੀਂ ਮਿਟਦੀ। ਆਤਮ-ਵਿਗਾਸੀ ਗੁਰਮਤਿ ਨਾਮ ਅਭਿਆਸੀ ਅਜਪਾ ਜਾਪ ਕੀਤਿਆਂ ਅਸਲ ਆਪਾ ਚੀਨੀਦਾ ਹੈ। ਆਪਾ ਹੀ ਨਹੀਂ, ਸਗੋਂ ਇਸ ਅਗੰਮੀ ਭੇਦ ਦਾ ਭੀ ਚੰਨ-ਅਸਲਾਪਾ ਪ੍ਰਾਪਤ ਹੁੰਦਾ ਹੈ ਕਿ ਆਤਮ ਸਰੂਪੀ ਆਪਾ, ਪਰਮਾਤਮ ਸਰੂਪ ਜੋਤੀਸ਼ ਅੰਸ ਅਸਲਾਪਾ ਇਕੋ ਹੀ ਹੈ। ਤਾਂ ਤੇ ਆਪਾ ਜੋਤਿ ਆਤਮ ਸਰੂਪ ਹੀ ਨਹੀਂ, ਸਗੋਂ ਜੋਤੀਸ਼ ਪਰਮਾਤਮ ਸਰੂਪ ਪਰਤੱਖ ਨਦਰੀ ਆਉਣ ਲਗ ਪੈਂਦਾ ਹੈ, ਪਰਗਟ ਪਾਹਾਰੇ ਜਾਪਣ ਲਗ ਪੈਂਦਾ ਹੈ। ਇਸ ਬਿਧਿ "ਆਪਾ ਆਪ ਚੀਨੀਅਤਿ" ਅਰਥਾਤ, ਗੁਰਮਤਿ ਨਾਮ ਆਪਾ ਜਾਪ ਆਤਮ ਨੂੰ ਪਰਮਾਤਮ ਚੀਨਾਉਣ ਵਾਲਾ, ਸੋਹੰ ਸੋ ਜਣਾਉਣ ਵਾਲਾ ਹੈ। "ਸੋਹੰ ਸੋ" 'ਅਜਪਾ ਜਾਪ' ਦਾ ਭਾਵ ਇਹ ਨਹੀਂ ਕਿ ਗੁਰਮਤਿ ਅੰਦਰ 'ਸੋਹੰ ਸੋ' ਦੇ ਅਖਰਾਂ ਦਾ ਜਾਪ ਕਰਨਾ ਹੀ ਅਜਪਾ ਜਾਪ ਹੈ। 'ਸੋਹੰ ਸੋ' ਦਾ ਅਭਿਆਸ ਕਰਨਾ ਗੁਰਮਤਿ ਵਿਚ ਉੱਕਾ ਹੀ ਵਿਧਾਨ ਨਹੀਂ; ਸਗੋਂ ਉੱਕਾ ਹੀ ਅਪਰਵਾਨ ਹੈ। ਗੁਰਮਤਿ ਨਾਮ ਅਭਿਆਸੀ ਆਪਾ ਪਦ ਨੂੰ ਚੀਨ ਕੇ ਭੀ ਗੁਰਮਤਿ ਨਾਮ ਅਭਿਆਸ ਦੀ ਭਾਉ-ਭਗਤੀ ਵਿਚ ਹੀ ਮਗਨ ਰਹਿੰਦੇ ਹਨ।

ਸੋ 'ਬ੍ਰਹਮ ਮੈਂ ਹਾਂ' ਵਾਲਾ ਅਹੰਬੁਧੀ ਜਾਪ ਕੋਈ ਜਾਪ ਹੀ ਨਹੀਂ, ਨਾ ਹੀ ਇਹ ਭਗਤੀ ਭਾਵ ਵਾਲਾ ਜਾਪ ਹੈ। ਗੁਰਮਤਿ ਨਾਮ ਅਭਿਆਸੀ ਭਗਤ ਜਨਾਂ ਨੂੰ ਆਪਾ ਚੀਨ ਕੇ ਹੀ ਉਨਮਨੀ ਜੋਤਿ ਦਾ ਉਦੋਤ ਪ੍ਰਬਲ ਰਹਿੰਦਾ ਹੈ। ਉਹ ਏਸ ਗੱਲ ਵਿਚ ਹੀ ਅਟਕੇ ਨਹੀਂ ਰਹਿੰਦੇ ਕਿ ਬਸ, ਆਪਾ ਚੀਨਿਆ ਗਿਆ। ਨਾ ਹੀ

* ਆਸਾ ਮ: ੩ ਛੰਤ, ਅੰਕ ੫, ਪੰਨਾ ੪੪੧



www.AKJ.Org

ਉਹਨਾਂ ਨੂੰ ਏਹ ਅਹੰਬ੍ਰਹਮੀ ਅਗਿਆਨ ਉਪਜਦਾ ਹੈ ਕਿ ਆਪਾ ਚੀਨ ਕੇ ਬਸ, ਅਸੀਂ ਬ੍ਰਹਮ ਹੀ ਬਣ ਗਏ। ਜਿਥੇ ਉਨਮਨੀ ਜੋਤਿ ਕੇ ਉਦੋਤ ਪ੍ਰਬਲ ਹੋਇ, ਓਥੇ ਅਟਕਾਉ ਕਿਥੇ? ਅਤੇ ਅਹੰਬ੍ਰਹਮੱਸਮੀ ਦੀ ਸਮਝ ਵਾਲੇ ਅਸਮਝਾਉ ਕਿਥੇ? ਅਹੰਬ੍ਰਹਮ-ਅਸਮੀ ਦੇ ਅਗਿਆਨ ਵਾਲਿਆਂ ਨੂੰ ਉਨਮਨੀ ਜੋਤਿ ਕੇ ਉਦੋਤ ਪ੍ਰਾਪਤ ਹੀ ਨਹੀਂ ਹੁੰਦੇ, ਪ੍ਰਬਲ ਤਾਂ ਕੀ ਹੋਣੇ ਸੀ। ਆਪਾ ਪਦ ਲੰਘ ਕੇ ਆਤਮੋ ਪਰਮਾਤਮ ਚੀਨਿਆਂ ਤੇ ਪਰਮਾਤਮ ਪ੍ਰਾਇਣ ਪ੍ਰੇਮਾ-ਭਗਤੀ ਵਿਚ ਤਤਪਰ ਹੋਇਆਂ ਹੀ ਉਨਮਨੀ ਜੋਤਿ ਕੇ ਉਦੋਤ ਪ੍ਰਬਲ ਹੁੰਦੇ ਹਨ। ਇਹ ਸਭ ਦਸਮ ਦੁਆਰ ਦੀ ਖੇਡ ਹੈ। ਤ੍ਰੈਗੁਣੀ ਅਵਸਥਾ ਵਾਲੇ ਮਨ ਤੋਂ ਅਤੀਤ, ਜੋ ਤੁਰੀਆ ਪਦ ਵਾਲੀ ਅਵਸਥਾ ਹੈ, ਸੋ ਕਹੀਐ ਉਨਮਨ ਅਵਸਥਾ, ਜਿਥੇ ਝਿਲਮਿਲਕਾਰੀ ਜੋਤਿ ਦਾ ਉਜਿਆਰਾ ਹੈ। ਇਸ ਝਿਲਮਿਲਕਾਰੀ ਜੋਤਿ ਉਜਿਆਰੇ ਵਾਲੀ ਉਨਮਨੀ ਅਵਸਥਾ ਵਿਖੇ ਉਨਮਨੀ ਜੋਤਿ ਛੱਲਾਂ ਮਾਰ ਮਾਰ ਉਛਲਦੀ ਹੈ। ਏਹਨਾਂ ਜੋਤਿ ਛਣਕਾਂ ਦੇ ਛਣਕਾਰੇ ਅਤਿ ਪ੍ਰਬਲ ਜੋਤਿ ਝਲਕਾਂ ਵਿਚ ਝਲਕਾਰੇ ਮਾਰਦੇ ਹਨ ਅਤੇ ਖਿਨ ਖਿਨ ਇਹ ਜੋਤਿ ਝਲਕਾਰਿਆਂ ਵਾਲੀ ਉਦੋਤ ਝਲਕਾਰਨੀ ਦਸ਼ਾ ਪ੍ਰਬਲ ਤੋਂ ਪ੍ਰਬਲ ਹੁੰਦੀ ਚਲੀ ਜਾਂਦੀ ਹੈ। ਇਸ ਪ੍ਰਬਲ ਜੋਤਿ ਉਦੋਤੀ ਉਨਮਨ ਅਵਸਥਾ ਅੰਦਰਿ ਅਨਹਦ ਨਾਦ ਦੀ ਰੁਣ ਝੁਣ, ਬਿਸਮਾਦ ਧੁੰਨਿ ਵਿਚ ਸੁਣਾਈ ਦਿੰਦੀ ਹੈ। ਤਿਥੈ ਤੁਰੀਆ ਪਦ ਦੀ ਉਨਮਨ ਅਵਸਥਾ ਵਿਖੇ ਅੰਮ੍ਰਿਤ-ਜਲ ਮਈ ਬਰਖਾ ਦੇ ਨਿਝਰ ਝਰਨੇ ਮੁਸਲਾਧਾਰੀ ਝਰਨਾਟ ਵਿਚ ਝਰਦੇ ਰਹਿੰਦੇ ਹਨ। ਨਿਝਰ ਝਰਨ, ਇਕ-ਰਸ ਅੰਮ੍ਰਿਤ ਰਸ ਜਲ ਦੀ ਝਰਨ ਹੈ। ਜਿਸ ਦੀ ਇਕ-ਰਸਤਾ ਦਾ, ਜਿਸ ਦੇ ਇਕ-ਰਸ ਝਰੀ ਜਾਣ ਦਾ ਕੋਈ ਅੰਤ ਨ ਪਾਰਾਵਾਰ ਹੋਵੇ। ਨਿਝਰ ਦਾ ਭਾਵ ਨ ਝਰਨ ਵਾਲੀ ਝਰਨਤਾ ਦਾ ਨਹੀਂ, ਜੈਸੇ ਕਿ ਕਈ ਅਨਜਾਣ ਲੋਗ 'ਨਿ' ਤੇ 'ਅ' ਨੂੰ ਨਫ਼ੀ ਦੇ ਅਰਥ ਦੇਣ ਵਾਲੇ ਸਮਝਦੇ ਹਨ। ਏਸੇ ਪਰਕਾਰ ਅਜਪਾ ਜਾਪ ਦਾ ਭਾਵ ਇਕ-ਰਸ ਜਪੀ ਜਾਣ ਵਾਲਾਂ ਹੈ, ਜਿਸ ਦਾ ਹੱਦ-ਬੰਨਾ ਹੀ ਕੋਈ ਨਹੀਂ। ਵਡੀਆਂ ਅਕਲਾਂ ਵਾਲੇ ਅਰਥੂਏ ਅਜਪਾ ਜਾਪ ਦੇ ਅਰਥ ਇਹ ਲਾਇਆ ਕਰਦੇ ਹਨ ਕਿ ਅਜਪਾ ਜਾਪ ਓਹ ਜਾਪ ਹੈ ਜਿਸ ਨੂੰ ਜਿਹਬਾ ਕਰਕੇ ਨਾ ਜਪਿਆ ਜਾਵੇ। 'ਅ' ਦੇ ਅਰਥ ਨਫ਼ੀ ਦੇ ਕਰਕੇ, ਅਜਪਾ ਦੇ ਅਰਥ ਨਾ ਜਪਣ ਵਾਲਾ ਲਾਉਂਦੇ ਹਨ। ਜਾਪ ਕੀ ਤੇ ਨਾ ਜਪਣ ਵਾਲਾ ਕੀ? ਦੋਈ ਮੁਤਜ਼ਦ ਗੱਲਾਂ ਹਨ। ਤਾਂ ਤੇ ਅਜਪਾ ਜਾਪ ਦਾ ਅਰਥ ਇਕ-ਰਸ ਜਪੀ ਜਾਣ ਵਾਲਾ ਜਾਪ ਹੈ। ਏਸੇ ਪਰਕਾਰ 'ਨਿਝਰ ਝਰਨ' ਸੋ ਝਰਨਾ ਹੈ ਜੋ ਇਕ-ਰਸ ਝਰੀ ਜਾਵੇ। ਕਈ ਗਿਆਨੀ ਆਖਦੇ ਹਨ ਕਿ ਜੋ ਜਾਪ ਜਿਹਵਾ ਕਰਕੇ ਨਾ ਜਪਿਆ ਜਾਵੇ, ਹਿਆਏ (ਹੀਅੜੇ) ਕਰਕੇ ਜਪਿਆ ਜਾਵੇ, ਸੋ ਅਜਪਾ ਜਾਪ ਹੈ। ਪਰ ਇਉਂ ਇਹ ਜਾਪ ਅਜਾਪ ਕਿਵੇਂ ਹੋਇਆ, ਜਪਿਆ ਤਾਂ ਫੇਰ ਭੀ ਗਿਆ, ਚਾਹੇ ਹੀਅਰੇ ਕਰਕੇ ਹੀ ਜਪਿਆ ਗਿਆ। ਕੀ ਹੀਅਰੇ ਨੂੰ ਜਾਪ ਜਪਣਾ ਬਹੁਤਾ ਮਾਫ਼ਕ ਆਉਂਦਾ ਹੈ, ਜਿਹਬਾ ਨੂੰ ਨਹੀਂ ਆਉਂਦਾ? ਉਹ ਕਹਿੰਦੇ ਹਨ, ਜਿਸ ਜਾਪ ਨੂੰ ਜਪਦੇ ਹੋਇਆਂ ਬੁੱਲ੍ਹ ਨਾ ਹਿੱਲਣ, ਜੀਭ ਨਾ ਹਿਲੇ, ਹਲਕ ਤਾਲੂਏ ਨੂੰ ਕੋਈ ਹਰਕਤ ਨਾ ਕਰਨੀ ਪਵੇ, ਉਹ ਜਾਪ ਅਜਪਾ ਜਾਪ ਹੈ। ਹੀਅਰੇ (ਹਿਰਦੇ) ਕਰਿ ਜਪਿਆ ਜਾਪ ਬਿਨ ਹੀਅਰੇ ਦੇ ਹਰਕਤ ਵਿਚ ਆਇਆਂ ਕਿਵੇਂ ਜਪਿਆ ਜਾਵੇਗਾ? ਕੀ ਇਹ ਹਰਕਤ-ਹਿਲਾਉ ਨੂੰ ਹੀ ਸਰਾਪ ਹੈ? ਤਾਂ ਹੀ ਜਾਪ ਅਜਾਪ ਬਣਦਾ ਹੈ? ਜਾਪ ਦੇ ਹਰਕਤ-ਹਿਲਾਉ ਹੀਣ ਅਰਥਾਂ ਵਾਲੇ ਅਜਾਪ ਹੋਣ ਵਿਚਿ ਕੀ ਸ਼ੇਖ਼ੀ ਹੈ? ਕੀ ਵਾਧਾ ਹੈ? ਜਦ ਤਾਈਂ 'ਜਾਪ' ਪਦ ਅਜਪਾ ਦੇ ਨਾਲ ਪਿਆ ਹੈ, ਤਦ ਤਾਈਂ ਲਖ ਜ਼ੋਰ ਲਾ ਲਵੋ, ਇਹ ਹਰਕਤ-ਹਿਲਾਉ-ਹੀਣ ਹੋ ਹੀ ਨਹੀਂ ਸਕਦਾ। ਹੀਅਰਾ ਭੀ ਉਤਾਹਾਂ ਹਿਠਾਹਾਂ ਹੋਊ, ਤਦੇ ਜਾਪ ਜਪਿਆ ਜਾਊ। ਘਟ ਹੀਅੜੇ ਅੰਦਰਿ ਸੁਆਸਾਂ ਦੇ ਅਰਧ ਉਰਧੀ ਹਿਲਾਉ ਕਰਕੇ ਹੀ ਜਾਪ ਜਪਿਆ ਜਾਊ। ਹਾਂ, ਜਿਥੇ ਸੁਰਤੀ ਹੈ, ਉਥੇ ਹਿਲਾਉ-ਹਰਕਤ ਨਹੀਂ। ਪਰ ਸੁਰਤੀ ਕਰਕੇ ਸਿਮਰਨ ਹੋ ਸਕਦਾ ਹੈ, ਜਾਪ ਨਹੀਂ ਹੋ ਸਕਦਾ। ਸੁਰਤੀ ਵਾਲੇ ਸਿਮਰਨ ਨੂੰ ਅਜਪਾ ਜਾਪ ਨਾਉਂ ਦੇਣਾ ਅਨਥਾਂ ਹੈ, ਨਾ ਹੀ ਹਿਆਇ ਕਰਕੇ ਜਪਣਾ ਸੁਰਤੀ ਕਰਕੇ ਸਿਮਰਨ ਦੇ ਅਰਥਾਂ ਵਿਚਿ ਅਰਥਾਇਆ ਜਾ ਸਕਦਾ ਹੈ। ਤਾਂ ਤੇ ਜੋ ਜਨ ਕੇਵਲ ਹਿਆਇ ਕਰਕੇ ਹੀ ਜਪਦਾ ਹੋਵੇ ਅਤੇ ਜਿਹਬਾ ਕਰਕੇ ਨਾ ਜਪਦਾ ਹੋਵੇ, ਓਹ ਜਨ ਹੀ ਕੋਈ ਜਾਣੇ ਕਿ ਐਸਾ ਬਿਨ-ਜਿਹਬਾ ਹਿਆਇ ਕਰਿ ਜਪਣ ਵਾਲਾ


www.AKJ.Org

ਨਾਉਂ ਕੈਸਾ ਹੈ।

"ਬਿਨੁ ਜਿਹਵਾ ਜੋ ਜਪੈ ਹਿਆਇ ॥ ਕੋਈ ਜਾਣੈ ਕੈਸਾ ਨਾਉ ॥"

ਮਲਾਰ ਮ: ੧ .ਪੰਨਾ ੧੨੫੬

ਪਰ ਐਸੇ ਨਾਉਂ ਦਾ ਜਾਪ ਭੀ ਅਜਪਾ (ਨਾ ਜਪਣ ਵਾਲਾ) ਜਾਪੁ ਨਹੀਂ ਹੋ ਸਕਦਾ। ਜਪਣ ਵਿਚ ਕੇਵਲ ਜਿਹਬਾ ਦੀ ਹੀ ਸ਼ਰਤ ਨਹੀਂ, ਅਜਪਾ ਹੋਣ ਦੀ ਕੀ ਸ਼ਰਤ ਹੈ ਨਾ ਜਪਿਆ ਜਾਣ ਵਾਲੇ ਅਰਥ ਕਰਨ ਵਾਲਿਆਂ ਦੀ ਡਿਕਸ਼ਨਰੀ ਅੰਦਰ ? ਤਾਂ ਤੇ ਓਹਨਾਂ ਦੇ ਕੀਤੇ ਅਰਥਾਂ ਪ੍ਰਥਾਇ ਉਪਰਲੇ ਗੁਰ-ਬਚਨ ਦਾ ਪਰਮਾਣ ਦੇਣਾ ਅਨਥਾ ਹੈ। ਇਹ ਘਟਣ-ਘਟਾਉ ਹੀ ਨਹੀਂ ਘਟ ਸਕਦਾ। ਹਾਂ, ਅਨਭਵੀ ਅਭਿਆਸ, ਜੋ ਦਸਮ ਦੁਆਰ ਵਿਖੇ ਹੁੰਦਾ ਹੈ, ਓਸ ਦਾ ਪਰਗਾਸ ਅਸਚਰਜ ਮਈ, ਅੱਤ ਅਸਚਰਜ, ਅਦਭੁਤ, ਪਰਮ ਅਦਭੁਤ ਹੈ। "ਅਨਭੈ ਅਭਿਆਸ ਕੋ ਪ੍ਰਗਾਸ ਅਚਰਜ ਮੈ ॥" ਦਸਮ ਦੁਆਰ ਮਈ ਬ੍ਰਹਮ ਸਬਲ ਦਾ ਨਿਵਾਸ ਭੀ ਬਿਸ੍ਵਾਸ ਜਨਕ ਹੈ–"ਬਿਸਮ ਬਿਸ੍ਵਾਸ ਬਾਸ ਬ੍ਰਹਮ ਸਬਲ ਹੈ।" ਤਿਸ ਬਿਵਸਥਾ ਪ੍ਰਥਾਇ ਸਮੁੱਚਾ ਹੀ ਭਾਈ ਗੁਰਦਾਸ ਜੀ ਦਾ ਕਬਿੱਤ ਮਈ ਵਾਕ ਇਸ ਪਰਕਾਰ ਹੈ–

ਗੁਰਮੁਖਿ ਸਬਦ ਸੁਰਤਿ ਲਿਵ ਸਾਧ ਸੰਗਿ ਉਲਟਿ ਪਵਨ ਮਨ ਮੀਨ ਕੀ ਚਪਲ ਹੈ ॥<br>
ਸੋਹੰ ਸੋ ਅਜਪਾ ਜਾਪ ਚੀਨੀਅਤਿ ਆਪਾ ਆਪ ਉਨਮਨੀ ਜੋਤਿ ਕੋ ਉਦੋਤ ਹੁਇ ਪ੍ਰਬਲ ਹੈ ॥<br>
ਅਨਹਦਿ ਨਾਦਿ ਬਿਸਮਾਦਿ ਰੁਨਿ ਝੁਨਿ ਸੁਨਿ ਨਿਝਰ ਝਰਨਿ ਬਰਖਾ ਅੰਮ੍ਰਿਤ ਜਲ ਹੈ ॥<br>
ਅਨਭੈ ਅਭਿਆਸ ਕੋ ਪ੍ਰਗਾਸ ਅਚਰਜ ਮੈ ਬਿਸਮ ਬਿਸ੍ਵਾਸ ਬਾਸ ਬ੍ਰਹਮ ਸਥਾਲ ਹੈ ॥੨੫੧॥

ਗੁਰਮਤਿ ਸਹਿਜ ਯੋਗ ਦੀ ਉਲਟ ਪਵਨਾਰੀ ਜਲ ਮੀਨ ਗਤਿ ਚਪਲ ਜੁਗਤਿ ਲਿਵ ਸ਼ਬਦ ਸੁਰਤਿ ਅਭਿਆਸ ਉਡਾਰੀ ਦੁਆਰਾ ਇੜਾ, ਪਿੰਗਲਾ, ਸੁਖਮਨਾ ਦਾ ਸੁਤੇ ਸਹਿਜ ਸੰਗਮ ਹੋ ਕੇ ਸੁਤੇ ਸਹਿਜ ਹੀ ਤ੍ਰਿਕੁਟੀ ਉਲੰਘਨ ਹੋ ਜਾਂਦੀ ਹੈ। ਤ੍ਰਿਕੁਟੀਓਂ ਪਾਰ ਦਸਮ ਦੁਆਰ ਵਿਖੇ ਇਕ ਪਰਕਾਰ ਦਾ ਜਲ-ਮੀਨ ਚਪਲ ਗਤਿ ਛਣੱਪਾ ਮਾਰ ਕੇ ਜਾ ਪਰਵੇਸ਼ ਕਰੀਦਾ ਹੈ ਅਤੇ ਇੜਾ, ਪਿੰਗਲਾ, ਸੁਖਮਨਾ ਦਾ ਹਠ-ਯੋਗੀ ਸੰਗਮ ਕਰਾਉਣ ਦੇ ਬਿਖਮ ਝੰਜਟ ਵਿਚ ਨਹੀਂ ਪਈਦਾ। ਓਦੋਂ ਹੀ ਪਤਾ ਲਗਦਾ ਹੈ ਜਦੋਂ ਕਿ ਗੁਰਮਤਿ ਸ਼ਬਦ ਸੁਰਤਿ ਦੀ ਸਹਿਜ ਉਲਟ ਪਵਨ ਅਭਿਆਸ ਰਸ ਦਾ ਬਿਸਮ ਬਿਸ੍ਵਾਸ ਬੱਝ ਜਾਂਦਾ ਹੈ ਅਤੇ ਬਿਸਮਾਦ ਪਰਤੱਖਤਾ ਦੇ ਸਨਮੁਖ ਦਰਸ਼ਨੀ ਅਨਹਦ ਅਖਾੜੇ ਪਰਗਟ ਪਾਹਾਰੇ ਖੁਲ੍ਹ ਜਾਂਦੇ ਹਨ, ਜਿਥੇ ਪੁਗ ਖਲੋਇ ਕੇ ਭੀ ਅਨਭੈ ਅਭਿਆਸ ਰਸ ਦੇ ਪਰਮ ਅਦਭੁਤ ਪੁਹਾਰੇ ਪੈਣ ਲਗ ਪੈਂਦੇ ਹਨ ਅਤੇ ਪਰਮ-ਅਮੀ ਦੇ ਗੁਹਜ-ਗਵਨੀ ਅਮਿਉ ਰਸ ਰਵਨੀ ਪਵਨ ਪਿਆਲਿਆਂ ਦੇ ਗਟਾਕ ਪੀਵੀਦੇ ਹਨ। ਸ਼ਬਦ ਕਰਕੇ, ਅਨਹਦ ਨਾਦੀ ਸੁਰਤ ਕਰਕੇ, ਉਨਮਨ ਬਿਸਮਾਦੀ ਅਤੇ ਪ੍ਰੇਮ ਕਰਕੇ ਸਹਿਜ ਰਵਨੀ ਨਿਝਰ ਧਾਰ ਰਸਾਇਣੀ ਸਦ-ਅਮੰਰ ਜ਼ੀਸਤੀ ਆਤਮ ਰੰਗ ਮਾਣੀਦੇ ਹਨ ਅਤੇ ਸੁਤੇ ਸਹਿਜ ਹੀ ਤ੍ਰਿਕੁਟੀ ਉਲੰਘ ਕੇ ਆਤਮ ਪ੍ਰਮਾਤਮ ਸੁਖ-ਸਾਗਰ ਸੰਜੋਗ ਭੋਗ ਭੋਗੀਦੇ ਹਨ। ਦਸਮ ਦੁਆਰ ਏਹਨਾਂ ਸੰਜੋਗ ਭੋਗਾਂ ਦਾ ਨਿਹਕੇਵਲ ਭਵਨ ਹੈ। ਇਹ ਉਪਰਲੀ ਵਿਆਖਿਆ ਹੇਠ ਲਿਖੇ ਭਾਈ ਗੁਰਦਾਸ ਜੀ ਦੇ ਕਬਿੱਤ ਦਾ ਟੂਕ ਮਾਤਰ ਅਨਭਵੀ ਅਨੁਵਾਦ ਹੈ–

ਸਬਦ ਸੁਰਤਿ ਲਿਵ ਲੀਨ ਜਲ ਮੀਨ ਗਤਿ ਸੁਖਮਨਾ ਸੰਗਮ ਹੁਇ ਉਲਟ ਪਵਨ ਕੈ ॥<br>
ਬਿਸਮ ਬਿਸ੍ਵਾਸ ਬਿਖੈ ਅਨਭੈ ਅਭਿਆਸ ਰਸ਼ ਪ੍ਰੇਮ ਮਧੁ ਅਪਿਉ ਪੀਵੈ ਗੁਹਜ ਗਵਨ ਕੈ ॥<br>
ਸਬਦ ਕੈ ਅਨਹਦ ਸੁਰਤਿ ਕੈ ਉਨਮਨੀ ਪ੍ਰੇਮ ਕੈ ਨਿਝਰ ਧਾਰ ਸਹਜ ਰਵਨ ਕੈ ॥<br>
ਤ੍ਰਿਕੁਟੀ ਉਲੰਘਿ ਸੁਖ ਸਾਗਰ ਸੰਜੋਗ ਭੋਗ ਦਸਮ ਸਥਲ ਨਿਹਕੇਵਲ ਭਵਨ ਕੈ ॥੨੯੧॥

["ਅਨਹਦ ਸ਼ਬਦ ਦਸਮ ਦੁਆਰ" ਪੁਸਤਕ ਵਿਚੋਂ



www.AKJ.Org

# ਸਪੱਰਸ਼ ਕਲਾ

[ਪ੍ਰਿੰਸੀਪਲ ਸੱਜਣ ਸਿੰਘ ਜੀ, ਨਵੀਂ ਦਿੱਲੀ]

ਤੁਚਾ ਇਕ ਮਹੱਤਵ-ਪੂਰਨ ਸਾਧਨ ਹੈ 'ਗਿਆਨ-ਪ੍ਰਾਪਤੀ' ਦਾ। ਸਪੱਰਸ਼ ਦੁਆਰਾ ਨਾ-ਕੇਵਲ ਤੱਤੇ, ਠੰਢੇ, ਤਰਲ ਜਾਂ ਠੋਸ ਪਦਾਰਥ ਦੀ ਪ੍ਰਕ੍ਰਿਤੀ ਬਾਰੇ ਜਾਣਕਾਰੀ ਪ੍ਰਾਪ੍ਤ ਹੁੰਦੀ ਹੈ ਬਲਕਿ ਪਿਆਰ, ਨਫ਼ਰਤ. ਜਜ਼ਬੇ, ਤੇ ਉਮੰਗਾਂ ਦੀਆਂ ਭਾਵਨਾਵਾਂ ਦਿਮਾਗ਼ ਤੱਕ ਪਹੁੰਚਦੀਆਂ ਹਨ । ਇਸ ਦੀ ਗ਼ਲਤ ਵਰਤੋਂ ਕਾਮ-ਵਾਸ਼ਨਾਵਾਂ, ਛੂਤ ਛਾਤ, ਐਗਜ਼ੀਮਾ ਤੇ ਹੋਰ ਕਈ ਪ੍ਰਕਾਰ ਦੇ ਚਰਮ ਰੋਗ ਉਤਪੰਨ ਕਰਦੀ ਹੈ, ਜਿਸ ਤੋਂ ਬਚਣ ਲਈ ਸਰੀਰਕ ਗਿਆਨ, ਬਿਬੇਕ ਬੁੱਧੀ, ਗੁਰਸਾਖੀ, ਉਪਦੇਸ਼ ਤੇ ਆਤਮਕ ਤਜਰਬਿਆਂ ਦੀ ਸੋਝੀ ਅਵੱਸ਼ਕ ਹੈ। ਸੁਚੱਜੀ ਰਹਿਨੁਮਾਈ ਲਈ ਗੁਰਬਾਣੀ ਅਮੋਲਕ ਖ਼ਜ਼ਾਨਾ ਹੈ।

ਸਪੱਰਸ਼ ਦੇ ਪ੍ਰਭਾਵ ਦਾ ਗਿਆਨ ਪਸ਼ੂਆਂ ਨੂੰ ਵੀ ਹੁੰਦਾ ਹੈ। ਇਕ ਛੋਟਾ ਬਾਲ ਬੇ-ਸਮਝ ਹੁੰਦਿਆਂ ਵੀ ਸਪੱਰਸ਼ ਦੁਆਰਾ ਮਾਤਾ ਪਿਤਾ ਤੇ ਬੇਗ਼ਾਨਿਆਂ ਦੀ ਪਰਖ ਕਰਨ ਦੀ ਯੋਗਤਾ ਰੱਖਦਾ ਹੈ। ਅੱਜ ਕੱਲ੍ਹ ਤਾਂ ਨੇਤਰ-ਹੀਨਾਂ ਨੂੰ ਵੀ ਉੱਕਰੇ ਹੋਏ ਅੱਖਰਾਂ ਦੁਆਰਾ ਵਿਦਿਆ ਪ੍ਰਾਪਤ ਕਰਨ ਦੀ ਸੁਵਿਧਾ ਪ੍ਰਾਪਤ ਹੈ।

ਸਰੀਰਕ ਖਿੱਚ ਤੋਂ ਨਿਰਲੇਪ ਰਹਿਣ ਲਈ, ਜਾਂ ਤਮੋ ਗੁਣ ਦੇ ਪ੍ਰਭਾਵ ਹੇਠ ਜਾਂ ਪੂਰਬਲੇ ਜਨਮ ਦੇ ਸੁਭਾਅ ਅਨੁਸਾਰ, ਜੋਗੀਆਂ ਜਟਾਧਾਰੀਆਂ ਤੇ ਉਦਾਸੀਆਂ ਨੇ ਆਪਣੀ ਕਾਇਆਂ ਨੂੰ ਕਰੂਪ ਰੱਖਣਾ ਧਰਮ ਦਾ ਜ਼ਰੂਰੀ ਅੰਗ ਬਣਾਇਆ ਹੋਇਆ ਸੀ। ਹਿਰਦਾ ਸੱਚੇ ਨਾਮ ਤੋਂ ਸੁੰਨਾ, ਤੇ ਸਰੀਰ ਸੁਆਹ ਦੇ ਲੇਪਨ ਦੁਆਰਾ ਭੱਦਾ ਹੋਣ ਕਰਕੇ ਉਨ੍ਹਾਂ ਦੀ ਦਸ਼ਾ ਵਾਕਈ ਤਰਸ ਯੋਗ ਸੀ। ਅਗਿਆਨਤਾ ਭਰੇ ਜੀਵਨ ਦੀ ਐਸੀ ਝਲਕੀ ਹਜ਼ੂਰ ਨੇ ਗੁਰਬਾਣੀ ਦੁਆਰਾ ਇਸ ਤਰ੍ਹਾਂ ਚਿਤਰੀ ਹੈ—

ਇਕਿ ਵਣਖੰਡਿ ਬੈਸਹਿ ਜਾਇ ਸਦੁ ਨ ਦੇਵਹੀ ॥
ਇਕਿ ਪਾਲਾ ਕਕਰੁ ਭੰਨਿ ਸੀਤਲੁ ਜਲੁ ਹੇਂਵਹੀ ॥
ਇਕਿ ਭਸਮ ਚੜ੍ਹਾਵਹਿ ਅੰਗਿ ਮੈਲੁ ਨ ਧੋਵਹੀ ॥
ਇਕਿ ਜਟਾ ਬਿਕਟ ਬਿਕਰਾਲ ਕੁਲੁ ਘਰੁ ਖੋਵਹੀ ॥
ਇਕਿ ਨਗਨ ਫਿਰਹਿ ਦਿਨੁ ਰਾਤਿ ਨੀਂਦ ਨ ਸੋਵਹੀ ॥
ਇਕਿ ਅਗਨਿ ਜਲਾਵਹਿ ਅੰਗੁ ਆਪੁ ਵਿਗੋਵਹੀ ॥
ਵਿਣੁ ਨਾਵੈ ਤਨੁ ਛਰੁ ਕਿਆ ਕਹਿ ਰੋਵਹੀ ॥
ਸੋਹਨਿ ਖਸਮ ਦੁਆਰਿ ਜਿ ਸਤਿਗੁਰੁ ਸੇਵਹੀ ॥੧੫॥ [ਵਾਰ ਮਲਾਰ ਕੀ ਮ: ੧, ਪੰ: ੧੨੮੪-੮੫

ਉਂਜ ਵੀ ਗੰਦੇ ਰਹਿਣਾ ਕਈ ਜਾਨਵਰਾਂ ਦੀ ਖ਼ਸਲਤ ਹੈ, ਜਿਨ੍ਹਾਂ ਦੇ ਕੁਦਰਤੀ ਸੁਭਾਉ ਵਿਚ ਤਬਦੀਲੀ ਲਿਆਉਣੀ ਅਸੰਭਵ ਹੈ।

ਚੋਆ ਚੰਦਨ ਪਰਿਹਰੈ ਖਰੁ ਖੇਹ ਪਲਟੈ॥ (੩੫/੧)

ਤੇ— ਹਾਥੀ ਨੀਰਿ ਨਵਾਲੀਐ ਸਿਰ ਛਾਰੁ ਉਡਾਵੈ ॥ (੩੫/੨)

ਵਿਚ ਭਾਈ ਗੁਰਦਾਸ ਜੀ ਦੁਆਰਾ ਨਾ-ਬਦਲਣ, ਨਾ-ਸੁਧਰਨ ਵਾਲੀ ਕੁਵਾਦੜੀ ਦਾ ਜ਼ਿਕਰ ਹੋਇਆ ਹੈ।

ਗੁਰਮਤਿ ਦੇ ਦ੍ਰਿਸ਼ਟੀਕੋਨ ਤੋਂ ਤ੍ਵਚਾ ਨੂੰ ਸੁੰਦਰ, ਸੁਡੌਲ ਤੇ ਅਰੋਗ ਅਵਸਥਾ ਵਿਚ ਰਖਣਾ ਗੁਰਸਿਖ ਦਾ ਪਰਮ ਧਰਮ ਹੈ। ਸਰੀਰ ਆਪਣੇ ਆਪ ਵਿਚ ਮੰਜ਼ਲ ਨਹੀਂ, ਪਰ ਪਰਮਾਤਮਾ-ਪ੍ਰਾਪਤੀ ਦਾ ਸਾਧਨ ਤਾਂ ਹੈ। ਇਸ ਨੂੰ ਤੇਜਣਿ (ਘੋੜੀ) ਆਖਿਆ ਹੈ, ਜਿਸ ਦੀ ਪਾਲਣਾ ਤੇ ਸੰਭਾਲ ਦਾ ਫੁਰਮਾਨ ਇਸ ਕਰਕੇ ਦਿੱਤਾ ਹੈ ਕਿ ਇਸ ਘੋੜੀ ਤੇ ਚੜ੍ਹ ਕੇ ਹੀ (ਹੋਰ ਕਿਸੇ ਜੂਨੀ ਵਿਚ ਬਿਲਕੁਲ ਨਹੀਂ) ਪ੍ਰਭੂ ਨਾਲ ਇੱਕ-ਮਿੱਕ ਹੋਣ ਦਾ ਅਵਸਰ ਮਿਲਦਾ ਹੈ।

ਜਿਸ ਧਰਮ ਦੇ ਅਨੁਯਾਈ ਅੰਮ੍ਰਿਤ ਵੇਲੇ ਦੀ ਜਾਗ ਤੋਂ ਵਾਂਜੇ ਤੇ ਇਸਨਾਨਹੁ ਘੁੱਥੇ ਹਨ, ਉਨ੍ਹਾਂ ਵਿਚ ਕਾਫ਼ੀ ਹੱਦ ਤਕ ਮਲੀਨਤਾ, ਢਿੱਲੜਪੁਣਾ, ਆਲਸ, ਦਲਿੱਦਰ, ਕਾਇਰਤਾ ਤੇ ਨਿਰਬਲਤਾ ਦਾ ਹੋਣਾ ਸੁਭਾਵਕ ਹੈ। ਗੁਰਦੇਵ ਜੀ ਦਾ ਉਦੇਸ਼ ਗੁਰਸਿੱਖ ਨੂੰ ਆਦਰਸ਼ਕ ਇਨਸਾਨ ਬਣਾਉਣਾ ਸੀ। ਇਸ ਉਦੇਸ਼ ਦੀ ਪੂਰਤੀ ਲਈ ਹਜ਼ੂਰ ਨੇ ਕਲਿਆਣਕਾਰੀ ਜੁਗਤੀ, ਅਰਥਾਤ, ਨਾਮ, ਦਾਨ, ਇਨਸਾਨ, ਤੀਜੇ ਪਹਿਰ ਦੀ ਸੰਭਾਲ ਤੇ ਉੱਦਮ ਦੁਆਰਾ ਘਾਲ ਮੁਸ਼ੱਕਤ, ਸਭ ਬਖ਼ਸ਼ਿਸ਼ ਦੇ ਭੰਡਾਰ ਗੁਰਸਿੱਖ ਨੂੰ ਸੌਂਪੇ। ਜਿਸ ਮਰਜੀਵੜੇ ਨੇ ਗੁਰਮਤਿ ਨਾਮ ਨੂੰ ਜੀਵਨ-ਅਧਾਰ ਬਣਾਇਆ, ਸੰਜਮ ਵਿਚ ਜੀਵਨ ਬਿਤਾਇਆ, ਸਾਤਵਕ ਖ਼ੁਰਾਕ ਦੇ ਭੋਜਨ ਨੂੰ ਅਪਣਾ ਕੇ ਅੰਮ੍ਰਿਤ ਸਿੰਚਿਆ, ਉਸ ਦੀ ਕਾਇਆਂ ਕੰਚਨ ਵਤ ਹੋ ਗਈ, ਚਿਹਰੇ ਦੀ ਲਾਲੀ ਤੇ ਆਭਾ ਦਰਸ਼ਨੀਜ ਬਣ ਗਈ। ਪਾਵਨ ਹੁਕਮ ਹੈ–

ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡ ਭਾਗਾ ॥
ਮੈਲਾ ਕਦੇ ਨ ਹੋਵਈ ਨ ਲਾਗੈ ਦਾਗਾ ॥੧॥੩੩॥ [ਬਿਲਾਵਲੁ ਮਹਲਾ ੫, ਪੰਨਾ ੮੦੮

ਨਾਮ ਦੀ ਰੰਗਣ ਕੇਵਲ ਹਿਰਦੇ ਤੱਕ ਹੀ ਨਹੀਂ ਰਹਿੰਦੀ, ਕਾਇਆਂ ਵਿਚ ਵੀ ਅਜਬ ਚਮਕ ਦਮਕ ਵਾਲਾ ਪੱਕਾ ਰੰਗ ਮਜੀਠੀ ਚੜ੍ਹ ਜਾਂਦਾ ਹੈ, ਪਰ ਇਹ ਕ੍ਰਿਸ਼ਮਾ ਕੇਵਲ ਨਾਮ-ਸਿਮਰਨ ਦੁਆਰਾ ਹੀ ਹੁੰਦਾ ਹੈ।

ਜੋ ਗੁਰਮੁਖਿ ਨਾਮੁ ਧਿਆਇਦੇ ਤਿਨੀ ਚੜੀ ਚਵਗਣਿ ਵੰਨੀ ॥੧੨॥
[ਵਡਹੰਸੁ ਕੀ ਵਾਰ ਮ: ੪; ਪੰਨਾ ੫੯੧

ਅਕਾਲ ਪੁਰਖ ਦਾ ਆਪਣਾ ਸਰੂਪ ਅਤਿ ਸੁੰਦਰ ਮਨਮੋਹਨ ਹੈ, ਬਿਮਲ ਹੈ, ਨਿਰੰਜਨ ਹੈ, ਬਦਸੂਰਤ ਤੇ ਕਰੂਪ ਨਹੀਂ। ਬਾਰ੍ਹਾਂ ਵੰਨੀ ਦੇ ਸੋਨੇ ਵਾਂਗਰ, ਸ਼ੁਧ ਖਾਲਸ ਸੁਵਿੰਨਾ ਹੈ। ਗੁਰੂ ਅਰਜਨ ਦੇਵ ਜੀ ਫ਼ੁਰਮਾਉਂਦੇ ਹਨ–

ਗੁਸਾਂਈ ਗਰਿਸਟ ਰੂਪੇਣ ਸਿਮਰਣੰ ਸਰਬਤ੍ਰ ਜੀਵਣਹ ॥
ਲਬਧੰ ਸੰਤ ਸੰਗੇਣ ਨਾਨਕ ਸ੍ਵਛ ਮਾਰਗ ਹਰਿ ਭਗਤਣਹ ॥੫੪॥ [ਸਲੋਕ ਸਹਸਕ੍ਰਿਤੀ, ਪੰ: ੧੩੫੯

ਚੂੰਕਿ ਕੁਦਰਤਿ ਕਾਦਰ ਦੀ ਬਣਾਈ ਸਥੂਲ ਰਚਨਾ ਹੈ, ਇਸ ਵਿਚ ਕਾਦਰ ਦੇ ਸਥਾਈ ਗੁਣਾਂ ਦਾ ਪਰਵੇਸ਼ ਨਹੀਂ ਹੈ। ਹਰੇਕ ਦ੍ਰਿਸ਼ਟ ਪਦਾਰਥ ਦਾ ਰੂਪ, ਰੰਗ ਤੇ ਆਕਾਰ ਕਾਲ ਅਧੀਨ ਹੈ ਤੇ ਸਦਾ ਇਕਸਾਰ ਨਹੀਂ ਰਹਿੰਦਾ, ਜਦ ਕਿ ਅਕਾਲ ਪੁਰਖ ਦੇ ਅਕਾਲੀ ਸਰੂਪ ਦਾ ਸੌਂਦਰਯ ਸਥਾਨ ਤੇ ਸਮੇਂ ਦੇ ਪ੍ਰਭਾਵ ਤੋਂ ਸੁਤੰਤਰ ਹੈ। ਇਸ ਅਦ੍ਰਿਸ਼ਟ ਖ਼ੁਦਾਈ ਖ਼ੂਬਸੂਰਤੀ ਦਾ ਵਰਨਣ ਹਜ਼ੂਰ ਨੇ ਆਪਣੇ ਸ਼ਬਦਾਂ ਵਿਚ ਇਸ ਤਰ੍ਹਾਂ ਕੀਤਾ ਹੈ :–

ਤੇਰੇ ਬੰਕੇ ਲੋਇਣ, ਦੰਤ ਰੀਸਾਲਾ ॥ ਸੋਹਣੇ ਨਕ ਜਿਨ ਲੰਮੜੇ ਵਾਲਾ ॥
ਕੰਚਨ ਕਾਇਆ ਸੁਇਨੇ ਕੀ ਢਾਲਾ ॥
ਸੋਵੰਨ ਢਾਲਾ ਕ੍ਰਿਸਨ ਮਾਲਾ ਜਪਹੁ ਤੁਸੀ ਸਹੇਲੀਹੋ ॥
ਜਮ ਦੁਆਰਿ ਨ ਹੋਹੁ ਖੜੀਆ ਸਿਖ ਸੁਣਹੁ ਮਹੇਲੀਹੋ ॥
ਹੰਸ ਹੰਸਾ ਬਗ ਬਗਾ ਲਹੈ ਮਨ ਕੀ ਜਾਲਾ ॥
ਬੰਕੇ ਲੋਇਣ ਦੰਤ ਰੀਸਾਲਾ ॥੭॥ (ਵਡਹੰਸ ਮਹਲਾ ੧, ਪੰਨਾ ੫੬੭)

ਗੁਰੂ ਗੋਬਿੰਦ ਸਿੰਘ ਜੀ ਨੇ ਵੀ ਅਨਉਸਤਤਿ ਭੰਡਾਰ, ਅਕਾਲ ਪੁਰਖ ਨੂੰ 'ਹੁਸਨਲ ਜਮਾਲ ਹੈਂ' ਤੇ 'ਸੁੰਦਰ ਸਰੂਪ ਹੈਂ' ਕਹਿ ਕੇ ਅਦੁੱਤੀ ਤੇਜੱਸਵੀ ਪੱਖ ਨੂੰ ਨਿਖਾਰਿਆ ਹੈ। ਸੁਹੱਪਣ ਜਾਗਤ ਜੋਤਿ ਦੇ ਪ੍ਰਕਾਸ਼ ਦਾ ਐਸਾ ਨਿਰਮਲ ਪ੍ਰਤੀਬਿੰਬ ਹੈ ਜਿਸ ਦਾ ਪਾਵਨ ਦੀਦਾਰ, ਤਨ, ਮਨ ਦੋਹਾਂ ਨੂੰ ਬੇਦਾਗ ਸਦਾਚਾਰਕ ਸਵੱਛਤਾ ਨਾਲ ਰੁਸ਼ਨਾਉਂਦਾ ਹੈ।

ਗੁਰਬਾਣੀ ਵਿਚ ਸੰਗਤ ਦੀ ਛੁਹ ਨੂੰ ਪਾਰਸ ਨਾਲ ਤਸ਼ਬੀਹ ਦਿੱਤੀ ਹੈ। ਜਿਵੇਂ ਪਾਰਸ ਆਪਣੀ ਛੁਹ ਦੁਆਰਾ ਤਾਂਬੇ ਨੂੰ ਕੰਚਨ ਬਣਾਉਂਦਾ ਹੈ ਤਿਵੇਂ ਇਕੋ ਇਕ ਨਾਮ ਵਖਾਨਣ ਵਾਲੀ ਸੰਗਤ ਮਲੀਨ ਆਤਮਾ


www.AKJ.Org

ਨੂੰ ਮਾਂਜ ਕੇ ਸ਼ੁੱਧ ਪਰਮ-ਆਤਮਾ ਵਿਚ ਤਬਦੀਲ ਕਰਨ ਦੀ ਸ਼ਕਤੀ ਰੱਖਦੀ ਹੈ। ਇਸ ਤਰ੍ਹਾਂ ਦੀ ਜਾਦੂਮਈ ਸ਼ਕਤੀ ਦਾ ਜ਼ਿਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਈ ਥਾਂ ਦੇਖਣ ਵਿਚ ਆਉਂਦਾ ਹੈ—

ਸੰਗਤਿ ਕਾ ਗੁਨੁ ਬਹੁਤੁ ਅਧਿਕਾਈ ਪੜਿ ਸੂਆ ਗਨਕ ਉਧਾਰੇ ॥
ਪਰਸਨ ਪਰਸ ਭਏ ਕੁਬਿਜਾ ਕਉ ਲੈ ਬੈਕੁੰਠਿ ਸਿਧਾਰੇ ॥੧॥੩॥ (ਨਟ ਮ: ੪, ਪੰਨਾ ੯੮੧)

ਕੰਸ ਦੀ ਦਾਸੀ ਕੁਬਿਜਾਂ ਨੂੰ ਸੁਪਨੇ ਵਿਚ ਵੀ ਖਿਆਲ ਨਹੀਂ ਸੀ ਕਿ ਉਸ ਦਾ ਕਰੂਪ ਕਲਿਆਣ ਦਾ ਕਾਰਨ ਬਣੇਗਾ। ਕਰਨ ਕਾਰਨ ਸਮਰੱਥ ਦੀ ਕਿਰਪਾ ਹੋਈ। ਕੰਸ ਲਈ ਤਿਆਰ ਕੀਤਾ ਵਟਣਾ ਮਹਿਜ਼ ਬਹਾਨਾ ਸੀ ਤੇ ਕੁਬਿਜਾਂ ਨੂੰ ਕ੍ਰਿਸ਼ਨ ਜੀ ਦੇ ਪਾਵਨ ਚਰਨਾਂ ਦੀ ਛੂਹ ਪ੍ਰਾਪਤ ਹੋਣੀ ਸੀ। ਬਸ, ਪਾਵਨ ਛੂਹ ਨੇ ਸਭ ਪਾਪਾਂ ਦੇ ਅੰਬਾਰ ਦਗਧ ਕਰਕੇ ਬੈਕੁੰਠ ਪਹੁੰਚਾ ਦਿੱਤਾ।

ਭਗਤ ਕਬੀਰ ਜੀ ਨੇ ਗੰਗਾ, ਚੰਦਨ, ਪਾਰਸ ਤੇ ਸੰਤਨ ਦੇ ਸਪੱਰਸ਼ ਦੀਆਂ ਅਸਚਰਜ ਉਪਮਾਵਾਂ ਦੇ ਕੇ, ਸੰਤਨ ਦੀ ਸੰਗਤ ਦੀ ਮਹਿਮਾ ਅਰਥਾਤ ਮਲੀਨਤਾ, ਨੀਚਤਾ, ਐਬ ਤੇ ਦੁਰਗੰਧੀ ਦੂਰ ਕਰਕੇ ਪਰਮਾਤਮਾ ਨਾਲ ਇੱਕ-ਮਿੱਕ ਕਰਨ ਦੀ ਸਮਰੱਥਾ ਨੂੰ ਦ੍ਰਿੜ੍ਹਾਇਆ ਹੈ। ਆਪ ਨੇ ਰਾਗ ਭੈਰਉ ਵਿਚ ਆਪਣੇ ਵਿਚਾਰ ਉਦਾਹਰਨ ਸਹਿਤ ਦਿੱਤੇ ਹਨ :—

ਗੰਗਾ ਕੈ ਸੰਗਿ ਸਲਿਤਾ ਬਿਗਰੀ ॥ ਸੋ ਸਲਿਤਾ ਗੰਗਾ ਹੋਇ ਨਿਬਰੀ ॥੧॥
ਬਿਗਰਿਓ ਕਬੀਰਾ ਰਾਮ ਦੁਹਾਈ ॥ ਸਾਚੁ ਭਇਓ ਅਨ ਕਤਹਿ ਨ ਜਾਈ ॥੧॥ਰਹਾਉ॥
ਚੰਦਨ ਕੈ ਸੰਗਿ ਤਰਵਰੁ ਬਿਗਰਿਓ ॥ ਸੋ ਤਰਵਰੁ ਚੰਦਨੁ ਹੋਇ ਨਿਬਰਿਓ ॥੨॥
ਪਾਰਸ ਕੈ ਸੰਗਿ ਤਾਂਬਾ ਬਿਗਰਿਓ ॥ ਸੋ ਤਾਂਬਾ ਕੰਚਨੁ ਹੋਇ ਨਿਬਰਿਓ ॥੩॥
ਸੰਤਨ ਸੰਗਿ ਕਬੀਰਾ ਬਿਗਰਿਓ ॥ ਸੋ ਕਬੀਰੁ ਰਾਮੈ ਹੋਇ ਨਿਬਰਿਓ ॥੪॥੫॥ (ਪੰ: ੧੧੫੮)

ਗੁਰੂ ਨਾਨਕ ਦੇਵ ਜੀ ਦੀ ਪਰਉਪਕਾਰੀ ਜੁਗਤੀ ਵਿਛੜਿਆਂ ਨੂੰ ਸੋਧ ਕੇ, ਜੋੜਨ ਵਾਲੀ ਸੀ। ਜੰਗਾਲੇ ਲੋਹੇ ਦਾ ਜੰਗ ਉਤਾਰਨਾ ਹਜ਼ੂਰ ਦਾ ਬਿਰਦ ਸੀ। ਆਪ ਦੀ ਪਾਰਸ-ਮਈ ਛੂਹ ਨੇ ਕੌਡੇ ਰਾਖਸ਼ ਤੇ ਸੱਜਣ ਠੱਗ ਵਰਗੀਆਂ ਅਨੇਕ ਪਤਿਤ ਆਤਮਾਵਾਂ ਨੂੰ ਕੁੰਦਨ ਬਣਾਉਣ ਦੇ ਕੌਤਕ ਰਚਾਏ। ਜਦ ਇਨ੍ਹਾਂ ਦੀ ਹੋਂਦ ਖ਼ਤਮ ਹੋਈ ਤਾਂ ਇਹ ਅੰਧਕਾਰ ਵਿਚ ਭਟਕਦੀਆਂ ਅਨੇਕਾਂ ਰੂਹਾਂ ਦੀ ਰਹਿਬਰੀ ਕਰਨ ਦੇ ਯੋਗ ਬਣ ਗਏ।

ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ ॥੭॥ (ਜਪੁਜੀ ਸਾਹਿਬ)

ਸਜੀਵ ਇਨਸਾਨ ਦੀ ਬਿਰਤੀ ਦਾ ਪ੍ਰੀਵਰਤਨ ਵੱਖ ਵੱਖ ਤਰੀਕਿਆਂ ਨਾਲ ਕੀਤਾ। ਹਜ਼ੂਰ ਦੇ ਚਰਨਾਂ ਦੀ ਧੂੜੀ ਨੇ ਕਈ ਮੁਅਜਜ਼ੇ ਦਿਖਾਏ। ਦਾਨਵੀ ਪੁਰਸ਼ਾਂ ਦੇ ਉੱਚੇ ਹੰਕਾਰੀ ਸਿਰਾਂ ਨੂੰ ਨੀਵੇਂ ਚਰਨਾਂ ਤੇ ਝੁਕਾ ਕੇ, ਹਉਮੈ ਦੇ ਪੜਦੇ ਕੱਟੇ। ਜਿਸ ਧਰਤੀ ਨੂੰ ਦਾਤਾਰ ਦੇ ਚਰਨ ਚੁੰਮਣ ਦਾ ਸੁਭਾਗ ਪ੍ਰਾਪਤ ਹੋਇਆ, ਉਹ ਸੁਹਾਵੀ ਤੇ ਪੂਜਣ ਯੋਗ ਹੋ ਗਈ। "ਜਿਥੇ ਬਾਬਾ ਪੈਰ ਧਰੈ ਪੂਜਾ ਆਸਣ ਥਾਪਣ ਸੋਆ" (੧/੨੭) ਭਾਈ ਗੁਰਦਾਸ ਜੀ ਦਾ ਪ੍ਰਮਾਣੀਕ ਫ਼ੁਰਮਾਨ ਹੈ।

ਸਮੂਹ ਇਤਿਹਾਸਕ ਗੁਰਧਾਮਾਂ ਦੀ ਰਚਨਾ, ਮਹਿਮਾ, ਮਹਾਨਤਾ ਤੇ ਰੂਹਾਨੀ ਵਰਖਾ ਗੁਰਦੇਵ ਜੀ ਦੇ ਚਰਨ-ਕੰਵਲਾਂ ਦੀ ਛੂਹ ਬਦੌਲਤ ਹੈ। ਸਿਦਕੀ ਗੁਰਸਿੱਖ, ਵਿਸ਼ਵਾਸ ਨਾਲ ਮੱਥੇ ਤੇ ਲਾਈ ਚਰਨ-ਧੂੜੀ ਨੂੰ ਅੰਮ੍ਰਿਤ ਸਰੋਵਰ ਦਾ ਪਾਵਨ ਇਸ਼ਨਾਨ ਸਮਝਦੇ ਆਏ ਹਨ, ਕਿਉਂਕਿ ਇਹ ਸੱਚਾ ਗੰਗਸਰ ਕਾਇਆਂ ਕਲਪ ਕਰਨ ਦੇ ਇਲਾਵਾ ਦੁਰਮਤਿ-ਮੈਲ ਵੀ ਉਤਾਰਦਾ ਹੈ।

ਸਤਿਗੁਰੂ ਚਰਨ ਜਿਨ ਪਰਸਿਆ ਸੇ ਪਸੁ ਪਰੇਤ ਸੁਰਿ ਨਰ ਭਇਅ ॥੨॥੬॥
(ਸਵਈਏ ਮਹਲੇ ਚਉਥੇ ਕੇ, ਪੰਨਾ ੧੩੯੯)

ਚਰਨ ਪਰਸਨ ਦੀ ਜ਼ਾਹਰੀ ਕਲਾ, ਹਜ਼ੂਰ ਨੇ ਖ਼ੁਦ ਉਜਾਗਰ ਕੀਤੀ ਤੇ ਦ੍ਰਿੜ੍ਹਾਈ। ਦਸਮ ਪਿਤਾ ਦੇ ਖੰਡੇ ਦੇ ਅੰਮ੍ਰਿਤ ਤੋਂ ਪਹਿਲਾਂ, ਗੁਰਮੰਤਰ ਦੇਣ ਵੇਲੇ ਚਰਣਾਮ੍ਰਿਤ ਪਿਲਾਉਣ ਦੀ ਗੁਰਮਤਿ ਜੁਗਤੀ ਪਹਿਲੇ



www.AKJ.Org

ਜਾਮੇ ਤੋਂ ਨੌਵੇਂ ਜਾਮੇ 'ਤੱਕ ਪ੍ਰਚੱਲਤ ਰਹੀ, ਜਿਸ ਦਾ ਸੰਕੇਤ ਭਾਈ ਗੁਰਦਾਸ ਜੀ ਨੇ ਆਪਣੀ ਰਚਨਾ ਵਿਚ ਦਿੱਤਾ ਹੈ—

ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤੁ ਸਿਖਾਂ ਪੀਲਾਇਆ ॥ (ਵਾਰ ੧, ਪਉੜੀ ੨੩)

ਅਠਵੇਂ ਬਾਲਾ ਪ੍ਰੀਤਮ ਦੇ ਚਰਨ-ਛਹ ਤੋਂ ਬਣੇ ਜਲ-ਅੰਮ੍ਰਿਤ ਨੇ ਰੋਗੀਆਂ ਦੇ ਸਭ ਦੂਖ ਨਿਵਾਰਨੇ ਅਰੰਭ ਕੀਤੇ, ਹੁਣ ਵੀ ਦੂਰ ਹੋ ਰਹੇ ਹਨ ਤੇ ਭਵਿੱਖ ਵਿਚ ਵੀ ਦੂਰ ਹੁੰਦੇ ਰਹਿਣਗੇ। ਇਹ ਬਚਨ ਦਸਮੇਸ਼ ਪਿਤਾ ਦੀ ਅਮਿੱਟ ਮਹਰ ਹੈ।

ਅਮਲੀ ਤੌਰ ਤੇ ਸਰੀਰਕ ਅਰੋਗਤਾ ਲਈ ਯੋਗ ਖੁਰਾਕ, ਔਸ਼ਧੀ ਤੇ ਪੱਥ ਦੇ ਇਲਾਵਾ ਆਤਮਕ ਤੇ ਮਾਨਸਕ ਸ਼ਕਤੀ ਦੇ ਪ੍ਰਭਾਵ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਅਭਿਆਸੀ ਜਨ ਦੇ ਨਾਮ ਅਭਿਆਸੀ ਸਾਧਨਾ ਦੁਆਰਾ ਸਰੀਰ ਦਾ ਹਰੇਕ ਅੰਗ ਅਰੋਗ, ਆਗਿਆਕਾਰੀ ਤੇ ਸ਼ਕਤੀਵਾਨ ਬਣ ਕੇ, ਆਤਮਾ ਦੀ ਇੱਛਾ ਵਿਰੁੱਧ ਆਪ ਹੁਦਰਾਪਨ ਕਰਨ ਤੋਂ ਹਟ ਜਾਂਦਾ ਹੈ। ਮਾਨਸਕ ਬਲ ਤੇ ਨਿਰਲੇਪ ਤ੍ਰਚਾ ਦੇ ਸੁੰਦਰ ਤਾਲ-ਮੇਲ ਨੇ ਸੰਸਾਰ ਦੇ ਇਤਿਹਾਸ ਵਿਚ ਚਕ੍ਰਿਤ ਕਰਨ ਵਾਲੀਆਂ ਘਟਨਾਵਾਂ ਨੂੰ ਜਨਮ ਦਿੱਤਾ ਹੈ। ਸਿਰ ਦੀ ਖੋਪਰੀ ਲੁਹਾਉਣੀ, ਬੰਦ ਬੰਦ ਕਟਵਾਉਣੇ, ਹਕੂਮਤ ਦੀਆਂ ਯੋਗ-ਅਯੋਗ ਵਧੀਕੀਆਂ ਵਿਸ਼ਾਲ ਜਿਗਰੇ ਨਾਲ ਬਰਦਾਸ਼ਤ ਕਰਨੀਆਂ, ਹੱਸ ਹੱਸ ਕੇ ਚਰਖੜੀ ਤੇ ਚੜ੍ਹਨਾ, ਫਾਂਸੀ ਦੇ ਰੱਸੇ ਚੁੰਮਣੇ, ਆਦਿਕ ਆਦਰਸ਼ਕ ਕੁਰਬਾਨੀਆਂ ਐਸੀ ਉੱਚੀ ਆਤਮਕ ਅਵਸਥਾ ਦੀ ਹੋਂਦ ਦੀ ਸ਼ਾਹਦੀ ਭਰਦੀਆਂ ਹਨ ਜਿੱਥੇ ਪੁੱਜ ਕੇ ਸਰੀਰ ਇਕ ਠੀਕਰ ਸਮਾਨ ਦਿਖਾਈ ਦਿੰਦਾ ਹੈ ਤੇ ਤ੍ਰਚਾ ਇਕ ਕਪੜੇ ਦੇ ਟੁਕੜੇ ਸਮਾਨ।

ਪਿੰਡੇ ਤੇ ਦਿੱਤੀ ਥਾਪੀ ਅੱਤੀ ਪ੍ਰਸੰਨਤਾ ਤੇ ਅਸ਼ੀਰਵਾਦ ਦੀ ਸੂਚਕ ਹੈ। ਆਮ ਤੌਰ ਤੇ ਇਸ ਦੇ ਮਨੋਵਿਗਿਆਨਕ ਅਸਰ ਤੋਂ ਅਸੀਂ ਬੇਖ਼ਬਰ ਰਹਿੰਦੇ ਹਾਂ। ਇਸ਼ ਦੀ ਆਵਸ਼ਕਤਾ ਦੀ ਕਦਰ ਉਸ ਸਮੇਂ ਹੁੰਦੀ ਹੈ ਜਦ ਕਿਸੇ ਚਨੌਤੀ ਭਰੇ ਕੰਮ ਨੂੰ ਪੂਰਾ ਕਰਨ ਦੀ ਜਿਮੇਵਾਰੀ ਦਾ ਅਹਿਸਾਸ ਹੋਵੇ। ਗੁਰੂ ਅਰਜਨ ਦੇਵ ਜੀ ਦੇ ਫੁਰਮਾਨ ਅਨੁਸਾਰ, ਸੰਸਾਰ-ਅਖਾੜੇ ਵਿਚ ਪੰਜਾਂ ਘੁਲਾਟੂਆਂ ਨੂੰ ਚਿੱਤ ਕਰਨ ਵਾਲੇ ਪਹਿਲਵਾਨ ਨੂੰ ਪਿੰਡੇ ਤੇ ਥਾਪੀ ਦੇ ਕੇ ਸ਼ਾਬਾਸ਼ ਮਿਲਦੀ ਹੈ—

ਹਉ ਗੋਸਾਈ ਦਾ ਪਹਿਲਵਾਨੜਾ ॥ ਮੈ ਗੁਰ ਮਿਲਿ ਉਚ ਦੁਮਾਲੜਾ ॥<br>
ਸਭ ਹੋਈ ਛਿੰਝ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ ॥੧੭॥<br>
ਵਾਤ ਵਜਨਿ ਟੰਮਕ ਭੇਰੀਆ ॥ ਮਲ ਲਥੇ ਲੈਦੇ ਫੇਰੀਆ ॥<br>
ਨਿਹਤੇ ਪੰਜਿ ਜੁਆਨ ਮੈ ਗੁਰ ਥਾਪ ਦਿਤੀ ਕੰਡਿ ਜੀਉ ॥੧੮॥ (ਸਿਰੀ ਰਾਗੁ ਮ: ੫, ਪੰ: ੭੪)

ਕਿਸੀ ਕਠਨ ਮੁਹਿੰਮ ਨੂੰ ਜਿੱਤਣ ਲਈ ਅਸ਼ੀਰਵਾਦ ਹੀ ਇਕ ਐਸੀ ਕੀਮਤੀ ਦਾਤਿ ਹੈ, ਜਿਸ ਤੋਂ ਸੰਘਰਸ਼ ਕਰਨ ਲਈ ਬੇਪਨਾਹ ਗੈਬੀ ਤਾਕਤ ਤੇ ਮਨੋਬਲ ਸਹਿਜ ਸੁਭਾ ਹੀ ਉਤਪੰਨ ਹੁੰਦਾ ਹੈ। ਦਸਮੇਸ਼ ਪਿਤਾ ਜੀ ਨੇ ਬਚਿੱਤਰ ਸਿੰਘ ਦੀ ਪਿੱਠ ਤੇ ਥਾਪੀ ਹੀ ਦਿੱਤੀ ਸੀ, ਜਿਸ ਨੇ ਸ਼ੇਰ ਤੋਂ ਕਿਤੇ ਵੱਧ ਸ਼ਕਤੀ ਦਾ ਇੰਜੈਕਸ਼ਨ ਲਾ ਕੇ ਬਚਿੱਤਰ ਸਿੰਘ ਨੂੰ ਮਸਤ ਹਾਥੀ ਨੂੰ ਸਹਿਜੇ ਹੀ ਪਛਾੜਨ ਦੇ ਯੋਗ ਬਣਾ ਦਿੱਤਾ। ਇਹ ਸੀ ਅਲੌਕਿਕ ਕਰਾਮਾਤੀ ਕਲਾ ਗੁਰੂ ਕਲਗੀਧਰ ਜੀ ਦੀ ਥਾਪੀ ਦੀ ਛੁਹ ਦੀ। ਸਰਦਾਈਆਂ ਤੇ ਕੜਾਹ ਪਰਸ਼ਾਦ ਛਕਣ ਵਾਲੇ ਉਦਾਸੀਆਂ ਦੇ ਮਹੰਤ ਕਿਰਪਾਲ ਹੱਥੋਂ ਕੇਵਲ ਘੋਟਣੇ ਦੁਆਰਾ ਮੁਗਲ ਸੈਨਾ ਦੇ ਬਹਾਦਰ ਸਿਪਾਹੀ ਨਜਾਬਤ ਖ਼ਾਨ ਦੇ ਸਿਰ ਦੀ ਮਿਝ ਕਢਾਉਣੀ ਤੇ ਹਲਵਾਈ ਨੇ ਲੋਹੇ ਦੇ ਖੁਰਪੇ ਨਾਲ ਹੀ ਜੰਗ ਵਿਚ ਜੂਝਣ ਦੀ ਅਥਾਹ ਸ਼ਕਤੀ ਪਰਦਾਨ ਕਰਨੀ ਇਸ ਤੱਤ ਨੂੰ ਉਘਾੜ ਕੇ ਸਾਹਮਣੇ ਲਿਆਉਂਦੀ ਹੈ ਕਿ ਉਸ ਸਮੇਂ ਗੁਰੂ ਦੇ ਲਾਡਲੇ ਸਿੱਖ ਹਜ਼ੂਰ ਦੇ ਪ੍ਰੇਮ-ਥਾਪੜੇ ਵਿਚ ਆਤਮ ਵਿਸ਼ਵਾਸ, ਜਿੱਤ ਦਾ ਨਿਸਚਾ, ਮਰ ਮਿਟਣ ਦਾ ਜਜ਼ਬਾ, ਆਤਮਕ ਤੇ ਸਰੀਰਕ ਬਲ ਦਾ ਅਹਿਸਾਸ, ਲੜਾਈ ਦੇ ਹੁਨਰ ਦਾ ਆਪ-ਮੁਹਾਰਾ ਪਰਵੇਸ਼ ਆਦਿ ਬਖਸ਼ਿਸ਼ ਦੇ ਭੰਡਾਰ ਸਾਂਗੋ ਪਾਂਗ ਤੱਕਦੇ ਸਨ ਤੇ ਇਸ ਥਾਪੀ ਦੇ ਪਾਤਰ ਬਣਨ ਲਈ ਪਪੀਹੇ ਵਾਂਗਰ ਤਰਸਦੇ ਸਨ।



www.AKJ.Org

ਨਿਰਸੰਦੇਹ ਅੱਖਾਂ ਦੇ ਪੱਧਰ ਤੋਂ ਉੱਪਰਲਾ ਸਿਰ ਦਾ ਭਾਗ ਅਤਿਅੰਤ ਪਵਿੱਤਰ ਤੇ ਵਿਕਾਰ ਰਹਿਤ ਹੈ। ਗੁਰ ਸਤਿਗੁਰ ਦੀ ਰਹਿਮਤ ਦਾ ਕੀ ਕਹਿਣਾ, ਆਪ ਦੇ ਦਰ ਦੇ ਕੂਕਰ ਪੰਚ ਪਰਵਾਨ, ਪੰਚ ਪਰਧਾਨ ਪੁੱਜੇ ਹੋਏ ਗੁਰਸਿਖ ਨਾਮ ਕਮਾਈ ਦੇ ਸਦਕੇ ਜਿਸ ਜੀਵ ਦੇ ਮੱਥੇ ਤੇ ਉਂਗਲੀ ਵੀ ਧਰਦੇ ਹਨ ਤਾਂ ਬੰਦ ਹੋਏ ਕਿਵਾੜ ਖੋਲ੍ਹ ਕੇ ਆਤਮਕ ਹੁੱਲਾਸ ਦੁਆਰਾ ਦਸਮ ਦੁਆਰ ਦੇ ਝਲਕਾਰੇ ਵਿਖਾ ਦੇਂਦੇ ਹਨ।

ਸਿਰ ਤੇ ਹੱਥ ਰੱਖਣ ਦਾ ਭਾਵ ਖਸਮਾਨਾ ਕਰਨਾ ਜਾਂ ਆਪਣਾ ਬਣਾਉਣਾ ਹੈ। ਜਿਸ ਦੇ ਸਿਰ ਤੇ ਮਹਾਂ ਦਾਨੀ, ਮਹਾਂ ਬਲੀ ਆਪ ਸੁਆਮੀ ਹੈ, ਉਸ ਨੂੰ ਦੁੱਖਾਂ ਕਸ਼ਟਾਂ ਦਾ ਕਾਹਦਾ ਡਰ ? ਉਸ ਦੀ ਸਾਰੀ ਸੋਚਣੀ ਭੈ-ਭਾਉ ਅਧੀਨ ਹੋ ਕੇ ਬੇਪਰਵਾਹੀ, ਬੇਮੁਹਤਾਜੀ ਤੇ ਨਿਡਰਤਾ ਦੀ ਭਾਵਨਾ ਵਿਚ ਵਿਚਰਦੀ ਹੈ। ਗੁਰੂ ਰਾਮ ਦਾਸ ਜੀ ਦੀ ਉਸਤਤਿ ਵਿਚ ਭੱਟ ਉਚਾਰਨ ਕਰਦੇ ਹਨ :–

> ਦਾਨਿ ਬਡੌ ਅਤਿਵੰਤੁ ਮਹਾ ਬਲਿ ਸੇਵਕਿ ਦਾਸਿ ਕਹਿਓ ਇਹ ਤਥੁ ॥
> ਤਾਹਿ ਕਹਾ ਪਰਵਾਹ ਕਾਹੂ ਕੀ ਜਾ ਕੈ ਬਸੀਸਿ ਧਰਿਓ ਗੁਰਿ ਹਥੁ ॥੭॥੪੯॥

(ਸਵਈਏ ਮਹਲੇ ਚਉਥੇ ਕੇ, ਪੰਨਾ ੧੪੦੪–੫)

ਦੁਨਿਆਵੀ ਡਾਕਟਰਾਂ ਦੇ ਵਿਚਾਰ ਵਿਚ ਅੰਧ ਵਿਸ਼ਵਾਸ ਤੇ ਲਾਈਲੱਗ-ਪੁਣੇ ਦਾ ਰੱਤੀ ਭਰ ਵੀ ਥਾਂ ਨਹੀਂ। ਉਨ੍ਹਾਂ ਦੀਆਂ ਸੋਚਾਂ ਤੇ ਸਿੱਟੇ ਵਿਗਿਆਨਕ ਤੇ ਤਜਰਬੇ ਦੇ ਆਧਾਰ ਤੇ ਹੁੰਦੇ ਹਨ। ਉਨ੍ਹਾਂ ਦੀ ਰਾਏ ਹੈ ਕਿ ਸਿਰ ਵਾਹੁਣ ਲਈ ਲੱਕੜੀ ਦਾ ਕੰਘਾ ਸਭ ਤੋਂ ਸ੍ਰੇਸ਼ਟ ਤੇ ਉੱਤਮ ਹੈ। ਇਸ ਦੀ ਵਰਤੋਂ ਨਾਲ ਬਿਜਲੀ ਸਮਾਨ ਥਰਥੱਰਾਹਟ ਦਿਮਾਗ ਤਾਈਂ ਪਹੁੰਚਦੀ ਹੈ; ਜਿਸ ਦੇ ਫਲਸਰੂਪ ਸਿਰ ਦੀ ਖ਼ੁਸ਼ਕੀ ਤੇ ਥਕਾਨ ਦੂਰ ਹੁੰਦੀ ਹੈ; ਯਾਦਾਸ਼ਤ (ਚੇਤਾ-ਸ਼ਕਤੀ) ਤੇ ਨੇਤਰਾਂ ਦੀ ਰੌਸ਼ਨੀ ਵਿਚ ਵਾਧਾ ਹੁੰਦਾ ਹੈ; ਤਰਾਵਟ, ਆਨੰਦ ਤੇ ਖੇੜਾ ਪ੍ਰਾਪਤ ਹੁੰਦਾ ਹੈ। ਦਸਮੇਸ਼ ਪਿਤਾ ਜੀ ਨੇ ਪਹਿਲਾਂ ਹੀ ਸਿੱਖ ਨੂੰ ਹਰੇਕ ਪੱਖੋਂ ਅਰੋਗ ਤੇ ਬਲਵਾਨ ਬਣਾਉਣ ਲਈ ਦੋਨੋਂ ਵੇਲੇ ਕੰਘਾ ਕਰਨ ਦਾ ਉਪਦੇਸ਼ ਦਿੱਤਾ ਹੈ, ਜਿਸ ਦਾ ਜ਼ਿਕਰ ਭਾਈ ਨੰਦ ਲਾਲ ਜੀ ਦੇ ਰਹਿਤਨਾਮੇ ਵਿਚ ਇਉਂ ਮਿਲਦਾ ਹੈ–

> ਕੰਘਾ ਦੋਨੋ ਵਕਤ ਕਰ, ਪਾਗ ਚੁਨੈ ਕਰ ਬਾਧਈ। ਦਾਤਨ ਨੀਤ ਕਰੇਇ, ਨਾ ਦੁਖ ਪਾਵੈ ਲਾਲ ਜੀ।

---

# ਨਾਮ ਬੜਾ ਅਨਮੋਲਾ

[ਗਿਆਨੀ ਜੰਗ ਜੀ, ਕੈਲੇਫੋਰਨੀਆ, ਅਮਰੀਕਾ]

ਨਾਮ ਮਜੀਠੀ ਰੰਗ ਵਿਚ ਜਿਸ ਨੇ, ਰੰਗ ਲਿਆ ਹੈ ਚੋਲਾ।
ਅੰਦਰੋਂ ਬੜਾ ਸਿਆਣਾ ਹੈ ਉਹ, ਬਾਹਰੋਂ ਦਿਸਦਾ ਭੋਲਾ।
ਨਾਮ ਹੀ ਉਸ ਦਾ ਖਟ ਰਸ ਭੋਜਨ, ਨਾਮ ਹੀ ਉਸ ਦਾ ਚੋਹਲਾ।
ਰੱਬ ਦੇ ਨਾਲ ਮਿਲਾਵਣ ਦੇ ਲਈ, ਬਣਿਆ ਨਾਮ ਵਿਚੋਲਾ।
ਨਾਮ ਦੀ ਕੀਮਤ ਪੈ ਨਹੀਂ ਸਕਦੀ, ਨਾਮ ਬੜਾ ਅਨਮੋਲਾ।
ਲੋਕ ਮਨਾਉਂਦੇ ਹਰ ਸਾਲ ਹੋਲੀ, ਉਹ ਮਨਾਵੈ ਹੋਲਾ।
ਹਿਰਦੇ ਦੇ ਕਚਕੌਲ 'ਚ ਉਸ ਨੇ, ਨਾਮ ਮਹਾ ਰਸ ਘੋਲਾ।
ਨਾਮ ਨੇ ਤ੍ਰਿਸ਼ਨਾ-ਅਗਨ ਬੁਝਾਈ, ਨਾਮ ਨੀਰ ਨਿਰਮੋਲਾ।
ਨਾਮ ਦੀ ਉਸ ਨੇ ਜੋਤਿ ਜਗਾਈ, ਭਰਮ ਦਾ ਪੜਦਾ ਖੋਹਲਾ।
ਉਸ ਦੇ ਵਿਚ ਤੇ ਰੱਬ ਦੇ ਵਿਚ, ਹੁਣ ਕੋਈ ਨਾ ਰਹਿਆ ਓਹਲਾ।



www.AKJ.Org

# ਅਰਦਾਸ ਅਰਜ਼ੋਈ ਦੀਆਂ ਆਤਮਕ ਬਰਕਤਾਂ

[ਪ੍ਰੋਫ਼ੈਸਰ ਸਾਹਿਬ ਸਿੰਘ ਜੀ ਡੀ.ਲਿਟ.]

ਦਿਨੋ ਦਿਨ ਸਮਾ ਦਿਮਾਗੀ ਰੌਸ਼ਨੀ ਦਾ ਆ ਰਿਹਾ ਹੈ। ਅੱਜ ਕਲ੍ਹ ਦੀ ਵਿੱਦਿਆ ਪੜ੍ਹ ਕੇ ਮਨੁੱਖ ਦਾ ਮਨ ਵਧੀਕ ਚੰਚਲ ਹੁੰਦਾ ਜਾ ਰਿਹਾ ਹੈ; ਸ਼ਰਧਾ-ਭਾਵ ਘਟ ਰਿਹਾ ਹੈ। ਸਾਡੇ ਦੇਸ਼ ਵਿਚ ਪਹਿਲਾਂ ਭੀ ਇਹੋ ਜਿਹੇ ਮਤ ਪ੍ਰਚਲਤ ਸਨ ਜੋ ਇਸ ਗੱਲ ਤੇ ਜ਼ੋਰ ਦੇਂਦੇ ਸਨ ਕਿ ਇਹ ਸਾਰੀ ਦੁਨੀਆ ਕਿਸੇ ਖ਼ਾਸ ਨਿਯਮਾਂ ਦੇ ਆਸਰੇ ਆਪਣੇ ਆਪ ਬਣੀ ਹੋਈ ਹੈ। ਇਸ ਦਾ ਖ਼ਾਸ ਕਰਤਾ ਕੋਈ ਨਹੀਂ ਹੈ। ਪਰ ਹੁਣ ਦੀ ਰੁੱਖੀ ਵਿਦਿਆ ਤਾਂ ਚੰਚਲ ਮਨਾਂ ਨੂੰ ਬੜੀ ਛੇਤੀ ਕਰਤਾਰ ਦੀ ਹੋਂਦ ਤੋਂ ਨਮੁੱਕਰ ਕਰਾਈ ਜਾ ਰਹੀ ਹੈ। ਦੂਜੇ ਪਾਸੇ, ਜੋ ਮਨੁੱਖ ਕਿਸੇ ਦੁੱਖ ਨੂੰ ਨਵਿਰਤ ਕਰਨ ਲਈ ਜਾਂ ਧਨ ਪਦਾਰਥ ਆਦਿਕ ਕਿਸੇ ਲੋੜ ਦੀ ਖ਼ਾਤਰ, ਜਾਂ ਆਤਮਾ ਨੂੰ ਸੁਖੀ ਕਰਨ ਵਾਸਤੇ ਹੀ ਕਿਸੇ ਵੇਲੇ ਦੁਨੀਆ ਦੇ ਧੰਧਿਆਂ ਤੋਂ ਆਪਣੇ ਆਪ ਨੂੰ ਸਮੇਟ ਕੇ ਬਾਣੀ ਦਾ ਪਾਠ ਕਰਨ ਬੈਠਦਾ ਹੈ ਜਾਂ ਅਰਦਾਸ ਕਰਨ ਲਗਦਾ ਹੈ, ਸੁਤੇ ਹੀ ਉਸ ਦੇ ਧੁਰ ਅੰਦਰ ਇਕ ਟੇਕ ਬਣੀ ਹੋਈ ਹੈ। ਉਹ ਕੀ ਹੈ ? ਪ੍ਰਭੂ ਦੀ ਹੋਂਦ, ਇਕ ਕਰਤਾਰ ਦਾਤਾਰ ਦੀ ਸੱਚ-ਮੁੱਚ ਹਸਤੀ, ਜੋ ਸਾਰੀ ਸ੍ਰਿਸ਼ਟੀ ਦਾ ਪੈਦਾ ਕਰਨ ਵਾਲਾ ਹੈ ਤੇ ਜੀਆਂ ਦਾ ਰਾਜ਼ਕ ਹੈ.। ਜੇ ਉਸ ਦੇ ਅੰਦਰ ਇਹ ਯਕੀਨ ਨਾ ਹੋਵੇ ਕਿ ਪ੍ਰਭੂ ਸੱਚ-ਮੁੱਚ ਮੌਜੂਦ ਹੈ ਤਾਂ ਉਸ ਦੀ ਅਰਦਾਸ-ਅਰਜ਼ੋਈ ਦਾ ਕੋਈ ਅਰਥ ਹੀ ਨਹੀਂ ਹੋ ਸਕਦਾ, ਨਿਰਾ ਸਮੇ ਤੇ ਉੱਦਮ ਨੂੰ ਵਿਅਰਥ ਗਵਾਉਣ ਵਾਲੀ ਗੱਲ ਹੈ। ਸ੍ਰਿਸ਼ਟੀ ਦੀ ਰਚਨਾ ਵਾਲੇ ਕਿਸੇ ਖ਼ਾਸ ਨਿਯਮਾਂ ਅਗੇ ਅਰਜ਼ੋਈ ਕਰਨੀ ਤੇ ਨੱਕ ਰਗੜਨਾ ਇਕ ਹਾਸੇ ਵਾਲੀ ਗੱਲ ਹੈ। ਨਿਯਮਾਂ ਦੇ ਥਾਪਣਹਾਰ ਦੇ ਅਗੇ ਹੀ ਅਰਦਾਸ ਬੇਨਤੀ ਹੋ ਸਕਦੀ ਹੈ।

ਬਾਲਕ ਜਦੋਂ ਆਪਣੀ ਮਾਂ ਪਾਸੋਂ ਦੁੱਧ ਆਦਿਕ ਮੰਗਦਾ ਹੈ ਤਾਂ ਮੰਗਣ ਤੋਂ ਪਹਿਲਾਂ ਇਕ ਗੱਲ ਸੁਤੇ ਹੀ ਉਸ ਦੇ ਧੁਰ ਅੰਦਰ ਟਿਕੀ ਹੋਈ ਹੁੰਦੀ ਹੈ, ਉਹ ਇਹ ਕਿ ਮੈਂ 'ਇਕ ਜੀਉਂਦੀ ਜਾਗਦੀ ਮਾਂ ਤੋਂ ਮੰਗ ਰਿਹਾ ਹਾਂ। ਜਿਸ ਕੋਲੋਂ ਦੁੱਧ ਮੰਗ ਰਿਹਾ ਹਾਂ, ਉਹ ਮੇਰੇ ਸਾਹਮਣੇ ਸੱਚ-ਮੁੱਚ ਮੌਜੂਦ ਹੈ ਤੇ ਮੇਰੀ ਗੱਲ ਨੂੰ ਸੁਣ ਰਹੀ ਹੈ'। ਜਦ ਤਾਈਂ ਇਹ ਪੱਕਾ ਨਿਸਚਾ ਨਾ ਹੋਵੇ, ਜਦ ਤਾਈਂ ਬਾਲਕ ਆਪਣੇ ਸਾਹਮਣੇ ਮਾਂ ਨੂੰ ਸੱਚ-ਮੁੱਚ ਵੇਖ ਨਾ ਰਿਹਾ ਹੋਵੇ, ਤਦ ਤਾਈਂ ਉਹ ਦੁੱਧ ਆਦਿਕ ਕੋਈ ਚੀਜ਼ ਮੰਗਦਾ ਹੀ ਨਹੀਂ। ਇਸੇ ਤਰ੍ਹਾਂ ਪ੍ਰਭੂ ਦੇ ਦਰ ਤੇ ਅਰਜ਼ੋਈ ਕਰਨ ਵੇਲੇ ਸਭ ਤੋਂ ਪਹਿਲਾਂ ਸਾਡੇ ਧੁਰ ਅੰਦਰ ਇਹ ਨਿਸਚਾ ਹੈ ਕਿ ਅਸੀ ਕਿਸੇ ਹਾਜ਼ਰਾ-ਹਜ਼ੂਰ ਮਾਲਕ ਦੀ ਹਜ਼ੂਰੀ ਵਿਚ ਖਲੋਣ ਲਗੇ ਹਾਂ, ਉਸ ਦਾਤੇ ਪਾਸੋਂ ਆਪਣੇ ਮਨ ਦੀ ਮੁਰਾਦ ਮੰਗਣ ਲਗੇ ਹਾਂ, ਅਤੇ ਇਹ ਆਸ ਰਖਦੇ ਹਾਂ ਕਿ ਉਹ ਪਿਤਾ ਸਾਡੀ ਮਨੋ-ਕਾਮਨਾ ਪੂਰੀ ਕਰੇਗਾ।

ਤਉ ਕਿਰਪਾ ਤੇ ਮਾਰਗੁ ਪਾਈਐ ॥ ਪ੍ਰਭ ਕਿਰਪਾ ਤੇ ਨਾਮੁ ਧਿਆਈਐ ॥
ਪ੍ਰਭ ਕਿਰਪਾ ਤੇ ਬੰਧਨ ਛੁਟੈ ॥ ਤਉ ਕਿਰਪਾ ਤੇ ਹਉਮੈ ਤੁਟੈ ॥੧॥
ਤੁਮ ਲਾਵਹੁ ਤਉ ਲਾਗਹਿ ਸੇਵ ॥ ਹਮ ਤੇ ਕਛੂ ਨ ਹੋਵੈ ਦੇਵ ॥੧॥ਰਹਾਉ॥
ਤੁਧੁ ਭਾਵੈ ਤਾਂ ਗਾਵਾ ਬਾਣੀ ॥ ਤੁਧੁ ਭਾਵੈ ਤਾ ਸਚੁ ਵਖਾਣੀ ॥
ਤੁਧੁ ਭਾਵੈ ਤਾ ਸਤਿਗੁਰ ਮਾਇਆ ॥ ਸਰਬ ਸੁਖਾ ਪ੍ਰਭ ਤੇਰੀ ਦਇਆ ॥੨॥
ਜੋ ਤੁਧੁ ਭਾਵੈ ਸੋ ਨਿਰਮਲ ਕਰਮਾ ॥ ਜੋ ਤੁਧੁ ਭਾਵੈ ਸੋ ਸਚੁ ਧਰਮਾ ॥
ਸਰਬ ਨਿਧਾਨ ਗੁਣ ਤੁਮ ਹੀ ਪਾਸਿ ॥ ਤੂੰ ਸਾਹਿਬੁ ਸੇਵਕ ਅਰਦਾਸਿ ॥੩॥
ਮਨੁ ਤਨੁ ਨਿਰਮਲੁ ਹੋਇ ਹਰਿ ਰੰਗਿ ॥ ਸਰਬ ਸੁਖਾ ਪਾਵਉ ਸਤ ਸੰਗਿ ।
ਨਾਮਿ ਤੇਰੈ ਰਹੈ ਮਨੁ ਰਾਤਾ ॥ ਇਹੁ ਕਲਿਆਣੁ ਨਾਨਕ ਕਰਿ ਜਾਤਾ ॥੪॥੧੪॥੮੩॥

[ਗਉੜੀ ਗੁਆਰੇਰੀ ਮਹਲਾ ੫, ਪੰਨਾ ੧੮੦


www.AKJ.Org

ਇਨ੍ਹਾਂ ਸੁਹਣੇ ਸ਼ਬਦਾਂ ਦੁਆਰਾ ਅਰਦਾਸ ਕਰਨ ਵੇਲੇ ਸੁਤੇ ਹੀ ਅਸੀ ਇਹ ਯਕੀਨ ਰੱਖੀ ਬੈਠੇ ਹਾਂ ਕਿ ਅਸੀ ਸੱਚ-ਮੁਚ ਹਸਤੀ ਵਾਲੇ ਮਾਲਕ ਪਾਸੋਂ ਮੰਗ ਰਹੇ ਹਾਂ, ਉਹ ਸਾਡੇ ਸਾਹਮਣੇ ਬੈਠਾ ਹੈ ਤੇ ਸਾਡੀ ਅਰਜ਼ੋਈ ਸੁਣ ਰਿਹਾ ਹੈ। ਸੋ, ਪ੍ਰਭੂ ਦੇ ਦਰ ਤੋਂ ਕੋਈ ਪਦਾਰਥ ਮੰਗਣ ਦਾ ਜਤਨ ਕਰਦੇ-ਸਾਰ ਹੀ ਸਭ ਤੋਂ ਪਹਿਲੀ ਬਖ਼ਸ਼ਸ਼ ਇਹ ਹੁੰਦੀ ਹੈ ਕਿ ਅਸੀ ਆਪਣੇ ਸਿਰਜਨਹਾਰ ਦੀ ਹਸਤੀ ਨੂੰ ਸੱਚ-ਮੁੱਚ ਮੰਨਦੇ ਹਾਂ ਤੇ ਉਸ ਦੀ ਹਜ਼ੂਰੀ ਵਿਚ ਹਾਜ਼ਰ ਹੋਣ ਦਾ ਆਹਰ ਕਰਦੇ ਹਾਂ।

ਪਿੱਛੇ ਦੱਸਿਆ ਜਾ ਚੁੱਕਾ ਹੈ ਕਿ ਦਿਨੋ ਦਿਨ ਸਮਾ ਅਜਿਹਾ ਆ ਰਿਹਾ ਹੈ, ਜਿਸ ਵਿਚ ਲੋਕ ਸਿਰਜਨਹਾਰ ਦੀ ਹੋਂਦ ਤੋਂ ਹੀ ਨਮੁੱਕਰ ਹੋਈ ਜਾ ਰਹੇ ਹਨ। ਇਸ ਮੁਰਦਿਹਾਣ ਪੈਦਾ ਕਰਨ ਵਾਲੀ ਰੌ ਤੋਂ ਬਚਣ ਲਈ ਗੁਰਸਿੱਖ ਵਾਸਤੇ ਜ਼ਰੂਰੀ ਹੈ ਕਿ ਆਪਣੇ ਕਰਤਾਰ ਅਗੇ ਅਰਦਾਸ ਕਰਦਾ ਰਹੇ, ਦਾਤੇ ਦੇ ਚਰਨਾਂ ਵਿਚ ਸਦਾ ਜੁੜਨ ਦਾ ਆਹਰ ਕਰਦਾ ਰਹੇ। ਜਿਉਂ ਜਿਉਂ ਸਿੱਖ ਆਪਣੇ ਪ੍ਰੀਤਮ-ਪ੍ਰਭੂ ਦੀ ਹਜ਼ੂਰੀ ਵਿਚ ਹਾਜ਼ਰ ਹੋਣ ਦਾ ਉੱਦਮ ਕਰੇਗਾ, ਤਿਉਂ ਤਿਉਂ ਮਾਲਕ ਦੀ ਹਸਤੀ ਦਾ ਯਕੀਨ ਦਿਲ ਵਿਚ ਬੱਝਦਾ ਜਾਏਗਾ, ਕਿਉਂਕਿ ਜਿਵੇਂ ਉਪਰ ਦੱਸ ਆਏ ਹਾਂ, ਮਾਲਕ ਦੀ ਹੋਂਦ ਦੇ ਨਿਸਚੇ ਤੋਂ ਬਿਨਾ ਉਸ ਦੇ ਅਗੇ ਅਰਦਾਸ-ਅਰਜ਼ੋਈ ਹੋ ਹੀ ਨਹੀਂ ਸਕਦੀ। ਨਿਰਾ ਇਹ ਹੀ ਨਹੀਂ, ਜਿਉਂ ਜਿਉਂ ਸਾਡੀ ਅਰਜ਼ੋਈ ਮਾਲਕ ਦੀ ਦਰਗਾਹ ਵਿਚ ਸੁਣੀਦੀ ਹੈ, ਜਿਉਂ ਜਿਉਂ ਸਾਨੂੰ ਉਹਦੇ ਦਰ ਤੋਂ ਮੂੰਹ-ਮੰਗੀ ਮੁਰਾਦ ਮਿਲਦੀ ਹੈ, ਤਿਉਂ ਤਿਉਂ ਸਾਡੇ ਹਿਰਦੇ ਵਿਚ ਇਹ ਵਿਸ਼ਵਾਸ ਪੱਕਾ ਬਣਦਾ ਜਾਂਦਾ ਹੈ ਕਿ ਮਾਲਕ ਸੱਚ-ਮੁੱਚ ਮੌਜੂਦ ਹੈ, ਜੀਉਂਦਾ-ਜਾਗਦਾ ਹੈ ਤੇ ਸਾਡੀ ਬਹੁੜੀ ਕਰਦਾ ਹੈ। ਸੋ, ਦਾਤੇ ਦੇ ਦਰ ਤੋਂ ਮੰਗਣ ਤੇ ਮਨ-ਇੱਛਤ ਮੁਰਾਦ ਦੇ ਪੂਰੇ ਹੋਣ ਦੇ ਦੋ ਲਾਭ ਨਿਕਲਦੇ ਹਨ : ਇਕ ਤਾਂ ਦਿਨੋ ਦਿਨ ਸਾਨੂੰ ਦਾਤਾ-ਪ੍ਰਭੂ ਜੀਉਂਦਾ-ਜਾਗਦਾ, ਹਾਜ਼ਰ-ਨਾਜ਼ਰ, ਸਾਡੇ ਹਰ ਵੇਲੇ ਨੇੜੇ ਜਾਪਣ ਲਗ ਪੈਂਦਾ ਹੈ, ਦੂਜੇ ਇਹ ਸਿਦਕ ਬੱਝਣ ਲੱਗ ਪੈਂਦਾ ਹੈ ਕਿ ਉਹ ਮਾਲਕ ਸਾਡੇ ਤੇ ਤਰਸ ਕਰਦਾ ਹੈ, ਸਦਾ ਸਾਨੂੰ ਪਿਆਰ ਕਰਦਾ ਹੈ। ਅਸੀ ਆਪਣੇ ਦੁਨਿਆਵੀ ਮਿੱਤਰਾਂ ਸੱਜਣਾਂ ਪਾਸੋਂ ਜਦੋਂ ਕਦੇ ਕੋਈ ਚੰਗੀ ਸੋਹਣੀ ਚੀਜ਼ ਪ੍ਰਾਪਤ ਕਰਦੇ ਹਾਂ ਅਤੇ ਉਸ ਵਡ-ਮੁੱਲੀ ਚੀਜ਼ ਦੀ ਕਦਰ ਕਰਦੇ ਹਾਂ, ਨਿਰਾ ਇਸ ਵਾਸਤੇ ਨਹੀਂ ਕਰਦੇ ਕਿ ਉਹ ਚੀਜ਼ ਕੀਮਤੀ ਹੈ; ਨਹੀਂ, ਉਹ ਚੀਜ਼ ਸਾਨੂੰ ਹਰ ਵੇਲੇ ਚੇਤੇ ਕਰਾਂਦੀ ਹੈ ਕਿ ਜਿਸ ਮਿੱਤਰ ਪਾਸੋਂ ਮਿਲੀ ਹੈ, ਉਹ ਸਾਨੂੰ ਪਿਆਰ ਕਰਦਾ ਹੈ।

ਇਹ ਠੀਕ ਹੈ ਕਿ ਸਾਡੇ ਮੰਗਣ ਤੋਂ ਬਿਨਾ ਭੀ ਦਾਤਾ ਆਪਣੀਆਂ ਦਾਤਾਂ ਕਰੀ ਜਾ ਰਿਹਾ ਹੈ, ਪਰ ਅਣਮੰਗੀਆਂ ਦਾਤਾਂ ਮਿਲਣ ਕਰਕੇ ਅਸੀ ਆਮ ਤੌਰ ਤੇ ਇਹ ਖ਼ਿਆਲ ਭੀ ਨਹੀਂ ਕਰਦੇ ਕਿ ਮਾਲਕ ਸਾਡੇ ਤੇ ਬਖ਼ਸ਼ਸ਼ਾਂ ਕਰ ਰਿਹਾ ਹੈ। ਅਸੀ ਉਸ ਦੀਆਂ ਬਰਕਤਾਂ ਵਰਤੀ ਜਾ ਰਹੇ ਹਾਂ, ਪਰ ਕਦੇ ਸ਼ੁਕਰ ਦੇ ਰੰਗ ਵਿਚ ਨਹੀਂ ਆਉਂਦੇ ਕਿ ਦਾਤਾ ਬਖ਼ਸ਼ਿੰਦ ਹੈ। ਇਹ ਅਰਜ਼ੋਈ ਤੇ ਅਰਦਾਸ ਦੀ ਹੀ ਬਰਕਤ ਹੈ ਕਿ ਮਾਲਕ ਤੋਂ ਕੋਈ ਬਖ਼ਸ਼ਸ਼ ਹੋਣ ਤੇ ਉਸ ਨਾਲ ਪਿਆਰ ਦਾ ਸੰਬੰਧ ਬਣਾਉਂਦੀ ਹੈ।

ਅਸੀ ਅਜ ਕਲ੍ਹ ਦੀ ਸਾਇੰਸ ਦੀਆਂ ਨਵੀਆਂ ਕਾਢਾਂ ਤੇ ਜਦੋਂ ਵਿਚਾਰ ਕਰਦੇ ਹਾਂ ਤਾਂ ਹੈਰਾਨੀ ਆਉਂਦੀ ਹੈ ਕਿ ਮਨੁੱਖ ਦੇ ਦਿਮਾਗ਼ ਨੇ ਕੇਡੀ ਕੇਡੀ ਉੱਚੀ ਉਡਾਰੀ ਲਾਈ ਹੈ ਤੇ ਕੀ ਕੀ ਅਚਰਜ ਕੌਤਕ ਕਰ ਵਿਖਾਇਆ ਹੈ। ਅੱਗ ਤੇ ਪਾਣੀ ਤੋਂ ਭਾਪ ਪੈਦਾ ਕਰ ਕੇ ਇਸ ਤੋਂ ਰੇਲ ਗੱਡੀਆਂ ਤੇ ਜਹਾਜ਼ ਚਲਾਉਣ ਦਾ ਕੰਮ ਲਿਆ ਜਾ ਰਿਹਾ ਹੈ। ਬਿਜਲੀ ਵੱਲ ਵੇਖੋ, ਇਹੋ ਜਿਹੇ ਕੰਮ ਦੇ ਰਹੀ ਹੈ ਕਿ ਵੇਖ ਵੇਖ ਕੇ ਅਕਲ ਹੈਰਾਨ ਹੁੰਦੀ ਹੈ। ਇਸ ਬਿਜਲੀ ਦੀ ਤਾਕਤ ਨਾਲ ਬਣਾਈਆਂ ਹੋਈਆਂ ਤਾਰਾਂ ਤੇ ਟੈਲੀਫ਼ੋਨ ਦੁਨੀਆ ਦੇ ਇਕ ਸਿਰੇ ਤੋਂ ਦੂਜੇ ਸਿਰੇ ਤਕ ਦੀ ਖ਼ਬਰ ਤੁਰਤ ਲਿਆ ਦੇਂਦੇ ਹਨ। ਅੱਜ ਤੋਂ ਇਕ ਸਦੀ ਪਹਿਲਾਂ ਦੇ ਮਨੁੱਖ ਲਈ ਇਹ ਸਭ ਕੁਝ ਅਲੌਕਿਕ ਹੈ, ਕਰਾਮਾਤ ਹੈ। ਅੱਜ ਤੋਂ ਸੌ ਸਾਲ ਪਹਿਲਾਂ ਜੇ ਕੋਈ ਮਨੁੱਖ ਇਹ ਗੱਲ ਆਖਦਾ ਹੈ ਕਿ ਇਕ ਸ਼ਹਿਰ ਵਿਚ ਬੈਠਾ ਹੋਇਆ ਆਦਮੀ ਘੜੀ ਵਿਚ ਹੀ ਦੁਨੀਆ ਦੇ ਸਭ ਸ਼ਹਿਰਾਂ ਨਾਲ ਬਾਤ ਕਰ ਸਕਦਾ ਹੈ ਤਾਂ ਸੁਣਨ ਵਾਲੇ ਉਸ ਨੂੰ ਕਮਲਾ ਆਖਦੇ ਤੇ ਹੱਸ ਛਡਦੇ ਕਿ ਇਹੋ ਜਿਹੀ ਗੱਲ ਕਿਵੇਂ

ਹੋ ਸਕਦੀ ਹੈ। ਕੀ ਜਾਣੀਏ, ਕਿ ਕਰਤਾਰ ਦੀ ਇਸ ਬੇਅੰਤ ਕੁਦਰਤ ਵਿਚ ਅਜੇ ਕੀ ਕੀ ਭੇਦ ਲੁਕੇ ਪਏ ਹਨ, ਜਿਹੜੇ ਸਹਿਜ ਸਹਿਜ ਨਾਲ ਮਨੁੱਖ ਦੀ ਅਕਲ ਨੇ ਲੱਭਣੇ ਹਨ।

ਪਰ ਮਨੁੱਖ ਜਿੱਥੇ ਤੱਤਾਂ ਦੀਆਂ ਲੁਕਵੀਆਂ ਤਾਕਤਾਂ ਨੂੰ ਲੱਭਣ ਵਿਚ ਸਿਰ-ਤੋੜ ਜਤਨ ਕਰ ਰਹੇ ਹਨ, ਓਥੇ ਆਤਮਾ ਦੇ ਬਲ ਨੂੰ ਖੋਜਣ ਤੋਂ ਉੱਕਾ ਹੀ ਅਨਗਹਿਲੀ ਕਰੀ ਜਾ ਰਹੇ ਹਨ। ਇੱਥੋਂ ਤਾਈਂ ਸਾਡਾ ਸੁਭਾ ਬਣ ਚੁਕਾ ਹੈ ਕਿ ਸਾਇੰਸ ਦੀ ਤਾਂ ਅਸੀ ਉੱਚੀ ਤੋਂ ਉੱਚੀ ਕਾਢ ਨੂੰ ਭੀ ਮੰਨਣ-ਜੋਗ ਸਮਝ ਲੈਂਦੇ ਹਾਂ, ਪਰ ਆਤਮਕ ਤਾਕਤ ਦੇ ਇਕ ਭੀ ਕ੍ਰਿਸ਼ਮੇ ਨੂੰ ਮੰਨਣ ਨੂੰ ਤਿਆਰ ਨਹੀਂ ਹੁੰਦੇ। ਇਹ ਕਹਿ ਕੇ ਹੱਸ ਛਡਦੇ ਹਾਂ ਕਿ ਇਹੋ ਜਿਹੀਆਂ ਕਰਾਮਾਤਾਂ ਹੋ ਹੀ ਨਹੀਂ ਸਕਦੀਆਂ। ਅੱਜ ਅਖ਼ਬਾਰ ਵਿਚ ਇਹ ਲਿਖਿਆ ਆਉਂਦਾ ਹੈ ਕਿ ਅਮਰੀਕਾ ਦੇ ਫਲਾਣੇ ਸਾਇੰਸ-ਵੇਤਾ ਨੇ ਇਕ ਅਜਿਹੀ ਕਾਢ ਕਢੀ ਹੈ ਜਿਸ ਨਾਲ ਜਦੋਂ ਜੀ ਚਾਹੇ, ਮੀਂਹ ਵਰ੍ਹਾ ਸਕਦਾ ਹੈ। ਇਸ ਖ਼ਬਰ ਨੂੰ ਅਸੀ ਤੁਰਤ ਮੰਨ ਲੈਂਦਾ ਹਾਂ। ਪਰ ਜੇ ਇਹੋ ਜਿਹੀ ਹੀ ਗੱਲ ਕਿਸੇ ਆਤਮਕ ਸ਼ਕਤੀ ਵਾਲੇ ਦੀ ਸੁਣਾਈ ਜਾਏ, ਤਾਂ ਉਸ ਤੇ ਸਿਰ ਫੇਰ ਦੇਂਦੇ ਹਾਂ ਕਿ ਇਹ ਨਹੀਂ ਹੋ ਸਕਦਾ। ਕਿਉਂ? ਇਸ ਦਾ ਉੱਤਰ ਸਾਫ਼ ਹੈ। ਅਸੀ ਆਤਮਾ ਦੀਆਂ ਲੁਕਵੀਆਂ ਤਾਕਤਾਂ ਨੂੰ ਭਾਲਣਾ ਛੱਡ ਦਿੱਤਾ ਹੈ, ਅਸੀ ਨਿਰਾ ਤੱਤਾਂ ਦੇ ਪਿਛੇ ਦੌੜੇ ਜਾ ਰਹੇ ਹਾਂ, ਨਿਰੇ ਮਾਇਕ ਲਾਭ ਦੇ ਸਾਧਨ ਕਰ ਰਹੇ ਹਾਂ ਤੇ ਆਤਮਕ ਮੰਡਲ ਵਿਚ ਇਕ ਘੜੀ ਵੀ ਟਿਕਣ ਦਾ ਜਤਨ ਨਹੀਂ ਕਰਦੇ। ਜਿਵੇਂ ਅੱਜ ਤੋਂ ਇਕ ਸਦੀ ਪਹਿਲਾਂ ਦਾ ਮਨੁੱਖ ਅੱਜ ਦੀਆਂ ਸਾਇੰਸ ਦੀਆਂ ਕਾਢਾਂ ਤੇ ਸਿਰ ਫੇਰ ਸਕਦਾ ਸੀ, ਤਿਵੇਂ ਅਸੀ ਆਤਮਾ ਦੀ ਤਾਕਤ ਤੋਂ ਅਨਜਾਣ ਮਨੁੱਖ ਆਤਮਕ ਤਾਕਤਾਂ ਸੁਣ-ਵੇਖ ਕੇ ਮੰਨਣੋਂ ਸੰਕੋਚ ਕਰਦੇ ਹਾਂ।

ਅੱਜ ਕਲ੍ਹ ਦੀ ਵਿੱਦਿਆ ਦੇ ਪ੍ਰਭਾਵ ਦੇ ਅਧੀਨ ਹੋ ਕੇ ਅੱਵਲ ਤਾਂ ਅਸੀ ਜਦੋਂ ਕਦੇ ਪ੍ਰਭੂ ਦਾ ਜ਼ਿਕਰ ਸੁਣਦੇ ਹਾਂ ਤਾਂ ਇਕ ਬਣਾਵਟੀ ਜਿਹੀ ਗੱਲ ਸਮਝ ਕੇ ਆਈ-ਗਈ ਕਰ ਦੇਂਦੇ ਹਾਂ। ਜੇ ਭਲਾ ਕਿਤੇ ਰਤਾ ਮਾਸਾ ਰੁਚੀ ਇਹੋ ਜਿਹੇ ਬਚਨ ਸੁਣਨ ਦੀ ਹੈ ਭੀ, ਤਾਂ ਓਥੇ ਨਾਲ ਹੀ ਇਹ ਖ਼ਿਆਲ ਬਣਿਆ ਪਿਆ ਹੈ ਕਿ ਸਿਰਜਨਹਾਰ ਹੈ ਤਾਂ ਠੀਕ ਪਰਮ ਪੁਰਖ, ਉੱਚੇ ਤੋਂ ਉੱਚਾ, ਸਾਰੀ ਕੁਦਰਤ ਦਾ ਕਰਤਾ ਅਤੇ ਕੁਦਰਤ ਦੇ ਸਾਰੇ ਨਿਯਮਾਂ ਦਾ ਬੰਨ੍ਹਣ ਵਾਲਾ, ਪਰ ਉਹ ਇਕ ਵਾਰੀ ਨਿਯਮ ਬੰਨ੍ਹ ਚੁਕਿਆ ਹੈ। ਉਹਦੇ ਅਨੁਸਾਰ ਅਸੀ ਸੁਖ ਦੁਖ ਪਾ ਰਹੇ ਹਾਂ, ਸਾਡੀ ਕੋਈ ਪ੍ਰਾਰਥਨਾ ਜਾਂ ਅਰਜ਼ੋਈ ਉਸ ਨੂੰ ਪ੍ਰੇਰ ਨਹੀਂ ਸਕਦੀ। ਜੇ ਇਹ ਖ਼ਿਆਲ ਠੀਕ ਹੋਵੇ ਤਾਂ ਇਸ ਦਾ ਭਾਵ ਇਹ ਹੋਇਆ ਕਿ ਧੁੱਪ, ਚਾਨਣ, ਭਾਪ, ਬਿਜਲੀ ਆਦਿਕ ਤਾਕਤਾਂ ਵਾਂਗ ਪ੍ਰਮਾਤਮਾ ਭੀ ਇਕ ਤਾਕਤ ਹੀ ਹੈ, ਜਿਸ ਵਿਚ ਪਿਆਰ ਦਾ ਜਜ਼ਬਾ ਨਹੀਂ ਹੈ, ਜੋ ਜੀਆਂ ਦੇ ਦੁਖ-ਕਲੇਸ਼ ਦੂਰ ਕਰਨ ਲਈ ਕਿਸੇ ਤਰ੍ਹਾਂ ਦੇ ਤਰਲੇ ਨਾਲ ਭੀ ਪ੍ਰੇਰਿਆ ਨਹੀਂ ਜਾ ਸਕਦਾ।

ਪਰ ਜੋ ਵਡਭਾਗੀ ਜੀਉੜੇ ਪ੍ਰੀਤਮ ਸਿਰਜਨਹਾਰ ਦੇ ਚਰਨਾਂ ਵਿਚ ਨਿਤ ਜੁੜ ਬੈਠਦੇ ਹਨ, ਉਹਨਾਂ ਦੇ ਹਿਰਦੇ ਵਿਚ ਇਹੋ ਜਿਹੇ ਭਰਮ ਉਠਦੇ ਹੀ ਨਹੀਂ। ਭਗਤੀ ਭਾਵ ਵਾਲਾ ਸੁਭਾਉ ਬਣਾ ਲੈਣ ਨਾਲ, ਪਰਮਾਤਮਾ ਦੇ ਸਦਾ ਨੇੜੇ ਰਹਿਣ ਦਾ ਜਤਨ ਕਰਨ ਨਾਲ, ਸਾਨੂੰ ਇਹ ਪਰਤੱਖ ਦਿੱਸਣ ਲਗ ਪੈਂਦਾ ਹੈ ਕਿ ਸਾਡਾ ਕਰਤਾ ਸਾਡੀਆਂ ਅਰਜ਼ੋਈਆਂ ਨਾਲ ਪਸੀਜਦਾ ਹੈ ਤੇ ਸਾਨੂੰ ਪਿਆਰ ਕਰਦਾ ਹੈ। ਉਹ ਕੰਮ, ਜੋ ਪਹਿਲਾਂ ਸਾਨੂੰ ਅਲੌਕਿਕ ਜਾਪਦੇ ਸਨ, ਜਿਨ੍ਹਾਂ ਬਾਬਤ ਸੁਣ ਕੇ ਅਸੀ ਇਹ ਕਹਿ ਦਿਆ ਕਰਦੇ ਸਾਂ ਕਿ ਇਹ ਤਾਂ ਕੁਦਰਤ ਦੇ ਨਿਯਮਾਂ ਦੇ ਵਿਰੁੱਧ ਹਨ, ਇਹ 'ਕਰਾਮਾਤ' ਹੋ ਨਹੀਂ ਸਕਦੇ, ਸਿਮਰਨ ਦੀ ਬਰਕਤ ਨਾਲ ਸਧਾਰਨ ਜਾਪਣ ਲਗ ਪੈਂਦੇ ਹਨ। ਤਦੋਂ ਸਾਨੂੰ ਇਹ ਸਮਝ ਪੈ ਜਾਂਦੀ ਹੈ ਕਿ ਮੂੜ੍ਹਾਂ ਨੂੰ ਚਤਰ ਬਣਾਉਣ ਵਾਲੇ ਸ਼ਹਿਨਸ਼ਾਹ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਲਈ ਇਕ ਅਨਪੜ੍ਹ ਗੰਵਾਰ ਨੂੰ ਕਿਰਪਾ-ਦ੍ਰਿਸ਼ਟੀ ਨਾਲ ਤੱਕ ਕੇ ਇਕ ਉੱਚਾ ਵਿਦਵਾਨ ਬਣਾ ਦੇਣਾ ਇਤਨਾ ਹੀ ਸਧਾਰਨ ਸੀ, ਜਿਤਨਾ ਇਕ ਸਿਆਣੇ ਪਾਂਧੇ ਲਈ ਇਕ ਬਾਲਕ ਨੂੰ ਸਹਿਜੇ ਸਹਿਜੇ ਪੜ੍ਹਾ ਕੇ। ਸਤਿਗੁਰੂ ਲਈ ਕੋੜ੍ਹ ਆਦਿਕ ਅਸਾਧ ਰੋਗਾਂ ਦਾ ਮਿਹਰ ਦੀ ਇਕ ਨਜ਼ਰ ਨਾਲ ਦੂਰ ਕਰ ਦੇਣਾ ਉਤਨਾ ਹੀ ਕੁਦਰਤੀ ਤੇ ਸਧਾਰਨ ਸੀ, ਜਿਤਨਾ ਇਕ ਸਿਆਣੇ ਡਾਕਟਰ ਤੇ ਹਕੀਮ ਲਈ


www.AKJ.Org

ਦਵਾਈ ਆਦਿਕ ਦੇ ਕੇ। ਐਸ ਵੇਲੇ ਸਾਨੂੰ ਇਹ ਸਮਝ ਭਾਵੇਂ ਨਾ ਪੈਂਦੀ ਹੋਵੇ ਕਿ ਪ੍ਰੀਤਮ ਇਹਨਾਂ ਅਲੌਕਿਕ ਕੰਮਾਂ ਵਾਸਤੇ ਕਿਹੜੇ ਕਿਹੜੇ ਤਰੀਕੇ ਵਰਤ ਰਿਹਾ ਹੈ, ਪਰ ਜੇ ਸਾਨੂੰ ਸਮਝ ਆ ਜਾਵੇ, ਤਾਂ ਨਿਸਚੇ ਜਾਣੋ, ਅਸੀਂ ਇਹ ਪਰਤੱਖ ਵੇਖ ਲਈਏ ਕਿ ਦਾਤੇ ਦੇ ਵਰਤੇ ਹੋਏ ਉਹ ਤਰੀਕੇ ਉਸ ਤਰ੍ਹਾਂ ਹੀ ਕੁਦਰਤੀ ਹਨ, ਜਿਵੇਂ ਸਾਡੇ ਵਰਤੇ ਹੋਏ।

ਸੋ ਜਦੋਂ ਅਸੀ ਇਹ ਆਖਦੇ ਹਾਂ ਕਿ ਨਾਮ ਦੇ ਪਰਤਾਪ ਨਾਲ ਸਤਿਗੁਰੂ ਨੇ ਫਲਾਣਾ ਅਲੌਕਿਕ ਕੰਮ ਕੀਤਾ, ਇਸ ਦਾ ਭਾਵ ਇਹ ਨਹੀਂ ਹੈ ਕਿ ਪ੍ਰਭੂ ਨੇ ਕੁਦਰਤ ਦੇ ਨਿਯਮ ਆਪ ਹੀ ਰਚ ਕੇ ਆਪ ਹੀ ਕਰਾਮਾਤ ਵਿਖਾਲਣ ਲਈ ਕਿਸੇ ਨਿਯਮ ਦਾ ਉਲੰਘਣ ਕਰ ਦਿੱਤਾ ਹੈ। ਕੌਣ ਦਮ ਮਾਰ ਸਕਦਾ ਹੈ ਕਿ ਕੁਦਰਤ ਦੇ ਸਾਰੇ ਨਿਯਮ ਉਹ ਸਮਝ ਚੁੱਕਾ ਹੈ ? ਪ੍ਰਭੂ ਦੀ ਤਾਕਤ ਦਾ ਅੰਦਾਜ਼ਾ ਲਾਉਣਾ ਮਨੁੱਖ ਦੀ ਸਮਰੱਥਾ ਤੋਂ ਪਰੇ ਹੈ। ਉਸ ਦੇ ਸਾਰੇ ਭੇਤ ਇਹ ਵਿਚਾਰਾ ਜੀਵ ਕੀ ਸਮਝ ਸਕਦਾ ਹੈ ? ਉਸ ਦੇ ਕਈ ਕੰਮ ਸਾਨੂੰ ਭਾਵੇਂ ਕਰਾਮਾਤ ਜਾਪਣ, ਪਰ ਉਸ ਦੇ ਵਾਸਤੇ ਸਧਾਰਨ ਹਨ ਤੇ ਉਸ ਦੀ ਮਰਯਾਦਾ ਦੇ ਅਨੁਕੂਲ ਹਨ।

ਆਓ, ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਣ ਲਈ ਕੋਈ ਜੱਗ-ਬੀਤੀ ਵਾਰਤਾ ਅੱਖਾਂ ਅਗੇ ਲਿਆਵੀਏ। ਕੌਣ ਨਹੀਂ ਜਾਣਦਾ ਕਿ ਮਿਸਮਰੇਜ਼ਮ ਦੀ ਵਿੱਦਿਆ ਨਾਲ ਬੜੇ ਬੜੇ ਅਸਾਧ ਰੋਗ ਦੂਰ ਹੋਏ ਹਨ ? ਕਈ ਸਾਲਾਂ ਤੋਂ ਸੁੱਕੇ ਹੋਏ ਅੰਗ ਇਸ ਦੇ ਅਮਲ ਨਾਲ ਦਿਨਾਂ ਵਿਚ ਹਰੇ ਹੋ ਆਉਂਦੇ ਹਨ। ਜੋ ਮਨੁੱਖ ਮਿਸਮਰੇਜ਼ਮ ਦੀ ਤਾਕਤ ਨੂੰ ਨਹੀਂ ਜਾਣਦੇ, ਉਹਨਾਂ ਨੂੰ ਭਾਵੇਂ ਇਹੋ ਜਿਹਾ ਕੰਮ ਅਲੌਕਿਕ ਜਾਪਦਾ ਹੋਵੇ, ਉਹ ਰੋਗੀ ਜੋ ਇਸ ਦੇ ਬਲ ਨਾਲ ਰਾਜ਼ੀ ਹੋਇਆ ਹੈ, ਭਾਵੇਂ ਪਿਆ ਸਮਝੇ ਕਿ ਕਰਾਮਾਤ ਹੋਈ ਹੈ, ਪਰ ਮਿਸਮਰੇਜ਼ਮ ਦੀ ਸਾਇੰਸ ਨੂੰ ਸਮਝਣ ਵਾਲੇ ਚੰਗੀ ਤਰ੍ਹਾਂ ਜਾਣਦੇ ਹਨ ਕਿ ਇਹ ਵਿੱਦਿਆ ਕੁਦਰਤ ਦੀ ਇਕ ਤਾਕਤ ਹੈ ਤੇ ਪ੍ਰਭੂ ਦੇ ਨਿਯਮਾਂ ਦੇ ਅਨੁਸਾਰ ਹੈ। ਇਹ ਠੀਕ ਹੈ, ਅਸੀ ਸਮਝ ਨਹੀਂ ਸਕਦੇ ਕਿ ਰੋਗੀ ਦਾ ਰੋਗ ਦੂਰ ਕਰਨ ਲਈ ਮਿਸਮਰੇਜ਼ਮ ਨੇ ਕਿਵੇਂ ਅਸਰ ਕੀਤਾ ਹੈ, ਪਰ ਇਸ ਤੋਂ ਇਨਕਾਰ ਨਹੀਂ ਕਰ ਸਕਦੇ ਕਿ ਜਿਵੇਂ ਬਿਜਲੀ ਆਦਿਕ ਤਾਕਤਾਂ ਦੇ ਅਸੂਲ ਲੱਭ ਕੇ ਇਹ ਤਾਕਤਾਂ ਕਈ ਕੰਮਾਂ ਲਈ ਵਰਤੀਆਂ ਜਾ ਰਹੀਆਂ ਹਨ, ਤਿਵੇਂ ਮਿਸਮਰੇਜ਼ਮ ਦੀ ਤਾਕਤ ਵਰਤੀ ਜਾ ਰਹੀ ਹੈ।

ਮਿਸਮਰੇਜ਼ਮ ਨੂੰ ਸਿੱਖਣ ਵਾਲਾ ਮਨੁੱਖ ਸਾਲਾਂ ਬੱਧੀ ਮਿਹਨਤ ਕਰਦਾ ਹੈ। ਰੋਜ਼ ਨਿਯਤ ਸਮੇ ਤੇ ਏਕਾਂਤ ਵਿਚ ਬੈਠ ਕੇ ਆਪਣੇ ਮਨ ਨੂੰ ਕਈ ਸਾਧਨਾਂ ਨਾਲ ਇਕਾਗਰ ਕਰਨ ਦਾ ਜਤਨ ਕਰਦਾ ਹੈ, ਜਿਸ ਕਰਕੇ ਇਕ ਖ਼ਾਸ ਤਾਕਤ ਉਸ ਦੀਆਂ ਅੱਖਾਂ ਵਿਚ ਜਮ੍ਹਾ ਹੁੰਦੀ ਜਾਂਦੀ ਹੈ। **ਜੇ ਅਸੀ ਮਿਸਮਰੇਜ਼ਮ ਦੀ ਤਾਕਤ ਨੂੰ ਕਰਾਮਾਤ ਨਹੀਂ ਆਖਦੇ ਤਾਂ ਪ੍ਰਭੂ ਦੇ ਨਿਕਟ-ਵਰਤੀ ਉੱਚੀ ਕਰਨੀ ਦੇ ਮਾਲਕ ਮਹਾਂ ਪੁਰਖਾਂ ਦੀ ਮਿਹਰ ਦੀ ਨਜ਼ਰ ਨਾਲ ਸਿੱਧ ਹੋਏ ਕਾਰਜਾਂ ਨੂੰ ਕਿਉਂ ਕਰਾਮਾਤ ਕਰਾਮਾਤ ਆਖ ਕੇ ਉਹਨਾਂ ਦੇ ਮੰਨਣ ਤੋਂ ਸਿਰ ਫੇਰਦੇ** ਹਾਂ ਤੇ ਆਖ ਦੇਂਦੇ ਹਾਂ, ਐਸਾ ਹੋ ਨਹੀਂ ਸਕਦਾ ? ਇਕ ਗੱਲ ਹੋਰ ਭੀ ਵਿਚਾਰਨ ਵਾਲੀ ਹੈ। ਮਨੁੱਖ ਦੀ ਅਕਲ ਨੇ ਹੁਣ ਤਾਈਂ ਮਿਸਮਰੇਜ਼ਮ ਹਮਜ਼ਾਦ ਆਦਿਕ ਕੁਝ ਇਲਮਾਂ ਦਾ ਭੇਤ ਪਾਇਆ ਹੈ। ਕੀ ਜਾਣੀਏ ਅਜੇ ਕਿਹੜੇ ਕਿਹੜੇ ਇਹੋ ਜਿਹੇ ਹੋਰ ਇਲਮ ਲੁਕੇ ਪਏ ਹਨ ? ਕੀ ਜਾਣੀਏ, ਸਾਡਾ ਸਿਰਜਨਹਾਰ ਤੇ ਉਸ ਦੇ ਨਿਕਟ-ਵਰਤੀ ਮਹਾਂ ਪੁਰਖ ਹੋਰ ਕਿਹੜੀਆਂ ਕਿਹੜੀਆਂ ਤਾਕਤਾਂ ਵਰਤਦੇ ਆਏ ਹਨ ਤੇ ਵਰਤ ਰਹੇ ਹਨ ? ਸਾਡੇ ਵਾਸਤੇ ਉਹ ਕਰਾਮਾਤ ਹੋ ਸਕਦੇ ਹਨ, ਪਰ ਉਹਨਾਂ ਲਈ ਇਸੇ ਤਰ੍ਹਾਂ ਸਧਾਰਨ ਹਨ ਜਿਵੇਂ ਮਿਸਮਰੇਜ਼ਮ ਦੇ ਜਾਣਨ ਵਾਲੇ ਲਈ ਮਿਸਮਰੇਜ਼ਮ ਦਾ ਕੋਈ ਕ੍ਰਿਸ਼ਮਾ।

ਸੋ ਜਦੋਂ ਅਸੀ ਇਹ ਆਖਦੇ ਹਾਂ ਕਿ ਸਤਿਗੁਰੂ ਪ੍ਰੀਤਮ ਨੇ ਫਲਾਣੀ ਕਰਾਮਾਤ ਕਰ ਵਿਖਾਈ, ਅਸਲ ਵਿਚ ਅਸੀ ਦੂਜੇ ਅੱਖਰਾਂ ਵਿਚ ਇਹ ਆਖਦੇ ਹਾਂ ਕਿ ਸਾਡਾ ਪ੍ਰਭੂ ਦੀ ਹਸਤੀ ਤੇ ਨਿਸਚਾ ਹੈ। ਜਿਉਂ ਜਿਉਂ ਅਸੀ ਸਿਮਰਨ ਕਰਦੇ ਹਾਂ, ਉਸ ਦੇ ਚਰਨਾਂ ਵਿਚ ਜੁੜਦੇ ਹਾਂ, ਉਸ ਦੀ ਹਜ਼ੂਰੀ ਵਿਚ ਹਾਜ਼ਰ ਹੁੰਦੇ ਹਾਂ, ਤਿਉਂ ਤਿਉਂ ਉਸ ਦੀ ਵਧੀਕ ਵਡਿਆਈ ਸਾਨੂੰ ਦਿੱਸਦੀ ਹੈ ਤੇ ਇਹ ਕਰਾਮਾਤਾਂ ਸਾਨੂੰ ਉਸ ਵੱਡੇ ਤੋਂ ਵੱਡੇ ਮਾਲਕ ਲਈ ਬਿਲਕੁਲ ਸਧਾਰਨ ਜਾਪਦੀਆਂ ਹਨ।


www.AKJ.Org

# ਭਾਈ ਮਨੀ ਸਿੰਘ ਜੀ ਸ਼ਹੀਦ

[ਡਾਕਟਰ ਜਸਵੰਤ ਸਿੰਘ ਜੀ ਨੇਕੀ]

ਅਰਦਾਸ ਵਿਚ ਬੇਅੰਤ ਸ਼ਹੀਦਾਂ ਦਾ ਜ਼ਿਕਰ ਹੈ, ਪਰ ਨਾਮ ਕਿਸੇ ਦਾ ਨਹੀਂ ਲਿਆ ਗਿਆ। ਇਸ ਪਿਛੇ ਰਹੱਸ ਇਹ ਹੈ, ਕਿ ਹਰ ਕੁਰਬਾਨੀ ਸਮੁੱਚੇ ਸਿੱਖੀ ਆਚਰਣ ਦੀ ਪ੍ਰਾਪਤੀ ਸਮਝੀ ਗਈ ਹੈ। ਇਸੇ ਲਈ ਉਹ ਪੰਥਕ ਗੌਰਵ ਦਾ ਹਿੱਸਾ ਹੋਈ ਹੈ ਤੇ ਅਰਦਾਸ ਵਿਚ ਸ਼ਾਮਲ ਕੀਤੀ ਗਈ ਹੈ। ਇਹਨਾਂ ਵਿਚੋਂ ਬਾਹਲੀਆਂ ਕੁਰਬਾਨੀਆਂ ਦਾ ਜ਼ਿਕਰ ਉਹਨਾਂ ਤਸੀਹਿਆਂ ਦੇ ਨਾਮ ਨਾਲ ਕੀਤਾ ਗਿਆ ਹੈ ਜੋ ਉਹਨਾਂ ਸ਼ਹੀਦਾਂ ਨੂੰ ਦਿੱਤੇ ਗਏ। ਤਸੀਹਿਆਂ ਦੇ ਨਾਵਾਂ ਨਾਲ ਇਹ ਗਿਆਤ ਕਰਾਇਆ ਗਿਆ ਜਾਪਦਾ ਹੈ ਕਿ ਗੁਰੂ ਕੇ ਲਾਲ ਏਡੇ ਕਰੜੇ ਤਸੀਹਿਆਂ ਦੇ ਬਾਵਜੂਦ ਧਰਮ ਤੋਂ ਨਹੀਂ ਡੋਲੇ। ਇਹਨਾਂ ਸਭ ਨੇ 'ਧਰ ਪਈਏ ਧਰਮ ਨ ਛੋਡੀਏ'[1] ਦਾ ਬਿਰਦ ਨਿਭਾਇਆ।

ਬੰਦ ਬੰਦ ਕਟਵਾਉਣ ਵਾਲੇ ਅਮਰ ਸ਼ਹੀਦ ਦੀ ਯਾਦ ਅਠਾਰਵੀਂ ਸਦੀ ਦੇ ਅਖ਼ੀਰਲੇ ਦਹਾਕੇ ਵਿਚ ਅਰਦਾਸ ਅੰਦਰ ਸ਼ਾਮਲ ਹੋਈ ਜਾਪਦੀ ਹੈ। ਇਹ ਸ਼ਹੀਦ ਭਾਈ ਮਨੀ ਸਿੰਘ ਜੀ ਸਨ, ਜਿਨ੍ਹਾਂ ਦਾ ਸਿਖ ਇਤਿਹਾਸ ਵਿਚ ਬੜਾ ਪ੍ਰਮੁਖ ਅਸਥਾਨ ਹੈ। ਮੁਲਤਾਨ ਦੇ ਲਾਗੇ ਅਲੀਪੁਰ ਪਿੰਡ ਦੇ ਇਕ ਪਵਿੱਤਰ ਘਰਾਣੇ ਵਿਚ ਇਹਨਾਂ ਦਾ ਜਨਮ ੧੬੪੪ ਈਸਵੀ ਵਿਚ ਹੋਇਆ। ਇਹਨਾਂ ਦੇ ਵਡੇ ਵਡੇਰੇ ਪੱਕੇ ਗੁਰਸਿੱਖ ਸਨ। ਇਹਨਾਂ ਦੇ ਦਾਦਾ ਬਾਲੂ ਰਾਓ ਜੀ ਛੇਵੇਂ ਸਤਿਗੁਰੂ ਜੀ ਦੇ ਬਲਵਾਨ ਜੋਧਿਆਂ ਵਿਚੋਂ ਸਨ। ਬਾਲੂ ਰਾਓ ਜੀ ਦੇ ਬਾਰਾਂ ਪੁੱਤਰ ਸਨ, ਜਿਨ੍ਹਾਂ ਵਿਚੋਂ ਮਾਈ ਦਾਸ ਜੀ ਦੇ ਘਰ ਭਾਈ ਮਨੀ ਸਿੰਘ ਜੀ ਨੇ ਜਨਮ ਲਿਆ। ਆਪ ਦੇ ਗਿਆਰਾਂ ਭਰਾ ਸਨ—ਛੇ ਆਪਣੀ ਸੱਕੀ ਮਾਂ ਵਿਚੋਂ, ਪੰਜ ਦੂਜੀ ਮਾਂ ਵਿਚੋਂ। ਅੱਗੋਂ ਆਪ ਦੇ ਦੱਸ ਬੇਟੇ ਹੋਏ। ਇਸ ਪਵਿੱਤਰ ਪਰਿਵਾਰ ਦੀ ਪੰਥ ਨੂੰ ਅਦੁੱਤੀ ਦੇਣ ਵੇਖੋ ਕਿ ਭਾਈ ਮਨੀ ਸਿੰਘ ਜੀ ਦੇ ਗਿਆਰਾਂ ਦੇ ਗਿਆਰਾਂ ਭਰਾ ਤੇ ਦੱਸ ਦੇ ਦੱਸ ਪੁੱਤਰ ਸਾਰੇ ਦੇ ਸਾਰੇ ਪੰਥ ਲਈ ਸ਼ਹੀਦ ਹੋਏ।

ਭਾਈ ਮਨੀ ਸਿੰਘ ਜੀ ਤੇਰ੍ਹਾਂ ਵਰ੍ਹਿਆਂ ਦੇ ਹੋਣਗੇ ਜਦ ਆਪਣੇ ਪਿਤਾ ਜੀ ਦੇ ਸੰਗ ਕੀਰਤਪੁਰ ਗੁਰੂ ਹਰਿ ਰਾਇ ਸਾਹਿਬ ਦੇ ਦਰਸ਼ਨਾਂ ਲਈ ਗਏ। ਤਦ ਆਪ ਦਾ ਨਾਮ ਮਨੀ ਰਾਮ ਸੀ ਤੇ ਲਾਡ ਨਾਲ ਮਾਪੇ 'ਮਨੀਆ' ਕਹਿ ਕੇ ਬੁਲਾਂਦੇ ਸਨ। ਗੁਰੂ ਜੀ ਇਸ ਬਾਲਕ ਦੀ ਹੋਨਹਾਰੀ ਤੋਂ ਇਤਨੇ ਪ੍ਰਭਾਵਿਤ ਹੋਏ ਕਿ ਉਹਨਾਂ ਆਖਿਆ, "ਮਨੀਆ, ਇਹ ਗੁਨੀਆ ਹੋਵੇਗਾ ਬੀਚ ਜਗ ਸਾਰੇ।" ਆਪ ਕਾਫ਼ੀ ਚਿਰ ਗੁਰੂ ਦਰਬਾਰ ਦੀ ਸੇਵਾ ਵਿਚ ਵੀ ਰਹੇ। ਗੁਰੂ ਹਰਿ ਰਾਇ ਸਾਹਿਬ ਤੋਂ ਮਗਰੋਂ ਆਪ ਗੁਰੂ ਹਰਿ ਕ੍ਰਿਸ਼ਨ ਸਾਹਿਬ ਤੇ ਗੁਰੂ ਤੇਗ਼ ਬਹਾਦਰ ਸਾਹਿਬ ਦੇ ਦਰਬਾਰ ਵਿਚ ਵੀ ਰਹੇ। ਜਦੋਂ ਗੁਰੂ ਤੇਗ ਬਹਾਦਰ ਸਾਹਿਬ ਕਸ਼ਮੀਰੀ ਪੰਡਤਾਂ ਦੀ ਪੁਕਾਰ ਉਪਰੰਤ ਭਾਈ ਦਇਆਲਾ ਆਦਿ ਸਹਿਤ ਦਿੱਲੀ ਨੂੰ ਗਏ ਤਾਂ ਭਾਈ ਮਨੀ ਸਿੰਘ ਜੀ ਬਾਲਕ ਗੋਬਿੰਦ ਰਾਏ ਪਾਸ ਅਨੰਦਪੁਰ ਹੀ ਰਹੇ।

ਗੁਰੂ ਹਰਿ ਰਾਇ ਸਾਹਿਬ ਤੋਂ ਲੈ ਗੁਰੂ ਗੋਬਿੰਦ ਸਿੰਘ ਜੀ ਤਕ ਗੁਰੂ ਸਾਹਿਬਾਂ ਦੇ ਦਰਬਾਰ ਜੋ ਸੇਵਾ ਭਾਈ ਮਨੀ ਸਿੰਘ ਜੀ ਨੇ ਕੀਤੀ, ਉਸ ਦਾ ਜ਼ਿਕਰ ਇਉਂ ਕੀਤਾ ਗਿਆ ਹੈ :

> ਸੇਵਾ ਸੀ ਕਰੰਤ ਤੇ ਰਹੰਤ ਗੁਰ ਪਾਸ ਸਦਾ, ਲਿਖ ਲਿਖ ਬਾਣੀ ਕਰੇ ਪੋਥੀਆਂ ਤਿਆਰ ਇਹ।
> ਪੜ੍ਹਦਾ ਪੜ੍ਹਾਂਦਾ ਤੇ ਜਤਾਂਦਾ ਨਹੀਂ ਆਪ ਤਾਈਂ, ਮਨ ਨੀਵਾਂ ਮਤ ਉੱਚੀ ਇਹੋ ਦਿਲ ਧਾਰ ਇਹ।
> ਹਠੀ ਤਪੀ ਪੂਰਾ, ਸਿਖੀ ਸਿਦਕ ਦਾ ਪੁਤਲਾ ਸੀ, ਸਾਖੀਆ ਸਿਦਕ ਦੀਆਂ ਕਰਦਾ ਉਚਾਰ ਇਹ।
> ਸੇਵਾ ਕਰੀ ਇਵੇਂ ਕਿਵੇਂ ਬੀਤ ਗਏ ਬਰਖ ਕਈ, ਜੁੱਧ ਦੇ ਕਰਨ ਵਿਚ ਵਡਾ ਹੁਸ਼ਿਆਰ ਇਹ।
>
> —ਸ਼ਹੀਦ ਬਿਲਾਸ, ਪੰਨਾ ੧੪੧

੧. ਭੱਟ ਚਾਂਦ (ਸ਼ਬਦ 'ਚਿਤ ਚਰਨ ਕਮਲ ਕਾ ਆਸਰਾ' ਵਿਚੋਂ)

'ਸੂਰਾ' ਅੰਮ੍ਰਿਤਸਰ, ਮਈ ੧੯੯੧।



www.AKJ.Org

ਆਪ ਕਵੀ ਭੀ ਸਨ, ਤੇ ਪਾਉਂਟਾ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਬਵੰਜਾ ਕਵੀਆਂ ਵਿਚ ਆਪ ਦਾ ਵਿਸ਼ੇਸ਼ ਥਾਨ ਸੀ।[2] ਭੰਗਾਣੀ ਤੇ ਨਾਦੌਣ ਦੀਆਂ ਲੜਾਈਆਂ ਵਿਚ ਆਪ ਨੇ ਵਡੀ ਸੂਰਮਗਤੀ ਦੇ ਜੌਹਰ ਦਿਖਾਏ।[3] ਖਾਲਸਾ ਪੰਥ ਦੀ ਸਾਜਨਾ ਤੋਂ ਮਗਰੋਂ ਭਾਈ ਮਨੀ ਸਿੰਘ ਜੀ ਨੇ ਆਪ ਉਨ੍ਹਾਂ ਦੇ ਯਾਰ੍ਹਾਂ ਭਰਾਵਾਂ ਤੇ ਪੰਜ ਪੁਤਰਾਂ ਨੇ ਅੰਮ੍ਰਿਤ ਛਕਿਆ।[4] ਦਸਮ ਪਾਤਸ਼ਾਹ ਨੇ ਭਾਈ ਮਨੀ ਸਿੰਘ ਜੀ ਦੇ ਸਿੱਖੀ ਸਿਦਕ ਤੋਂ ਪ੍ਰਭਾਵਿਤ ਹੋ ਕੇ ਗੁਰੂ ਦਰਬਾਰ ਦੀ ਦੀਵਾਨਗੀ ਦੀ ਪਦਵੀ ਬਖ਼ਸ਼ੀ।[5] ਆਪ ਦੀ ਪ੍ਰਤਿਭਾ ਕਾਰਨ ਸਾਰੇ ਸਿਖ ਸਮਾਜ ਵਿਚ ਉਹਨਾਂ ਦਾ ਆਦਰ ਸਤਿਕਾਰ ਸੀ। ਅਨੰਦਪੁਰ ਸਾਹਿਬ ਹਰ ਰੋਜ਼ ਉਹ ਗੁਰੂ ਗ੍ਰੰਥ ਸਾਹਿਬ ਦੀ ਕਥਾ ਸੰਗਤਾਂ ਨੂੰ ਸੁਣਾਉਂਦੇ ਸਨ। ਉਹਨਾਂ ਦੀ ਕਥਾ ਤੋਂ ਚਲੀ ਕਥਾ-ਪ੍ਰਣਾਲੀ ਨੂੰ 'ਗਿਆਨੀਆਂ ਦੀ ਪ੍ਰਣਾਲੀ' ਕਿਹਾ ਜਾਂਦਾ ਹੈ। ਸੋਢੀ ਹਰਿ ਜੀ ਦੇ ਅਕਾਲ ਚਲਾਣੇ ਮਗਰੋਂ ਗੁਰੂ ਗੋਬਿੰਦ ਸਿੰਘ ਜੀ ਦੇ ਆਦੇਸ਼ ਤੇ ਭਾਈ ਮਨੀ ਸਿੰਘ ਜੀ ਨੇ ਅੰਮ੍ਰਿਤਸਰ ਹਰਿਮੰਦਰ ਸਾਹਿਬ ਦੀ ਵਿਵਸਥਾ ਬਹਾਲ ਕੀਤੀ, ਚੌਕੀ ਸਾਹਿਬ ਜੀ ਦੀ ਮਰਯਾਦਾ ਮੁੜ ਜਾਰੀ ਕੀਤੀ, ਕਥਾ ਦਾ ਪ੍ਰਵਾਹ ਚਲਾਇਆ, ਅੰਮ੍ਰਿਤ ਅਭਿਲਾਖੀਆਂ ਨੂੰ ਅੰਮ੍ਰਿਤ ਛਕਾਉਣ ਦਾ ਪ੍ਰਬੰਧ ਕੀਤਾ ਤੇ ਮੀਣਿਆਂ ਵਲੋਂ ਪਾਈਆਂ ਕੁ-ਪ੍ਰਥਾਵਾਂ ਨੂੰ ਦੂਰ ਕੀਤਾ। ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਮਗਰੋਂ ਜਦ ਤੱਤ ਖ਼ਾਲਸੇ ਤੇ ਬੰਦਈ ਖ਼ਾਲਸੇ ਵਿਚਾਲੇ ਝਗੜਾ ਹੋਇਆ ਤਾਂ ਭਾਈ ਸਾਹਿਬ ਨੇ ਅਤਿ ਸਿਆਣਪ ਨਾਲ ਉਸ ਦਾ ਸਮਾਧਾਨ ਕਰਵਾਇਆ।

੧੭੭੩ ਈਸਵੀ ਦੀ ਦੀਵਾਲੀ ਦੇ ਲਾਗੇ ਭਾਈ ਮਨੀ ਸਿੰਘ ਜੀ ਸੂਬੇਦਾਰ ਜ਼ਕਰੀਆ ਖ਼ਾਨ ਤੋਂ ਦੀਵਾਲੀ ਦਾ ਮੇਲਾ ਲਾਉਣ ਦੀ ਆਗਿਆ ਲੈਣ ਲਾਹੌਰ ਗਏ।[6] ਸੂਬੇ ਨੇ ਮੇਲੇ ਦੀ ਇਜਾਜ਼ਤ ਦੇਣ ਬਦਲੇ ਜਜ਼ੀਆ (ਧਰਮ ਟੈਕਸ) ਮੰਗਿਆ। ਭਾਈ ਸਾਹਿਬ ਨੇ ਜਜ਼ੀਏ ਦੀ ਰਕਮ ਮੇਲੇ ਮਗਰੋਂ ਦੇਣੀ ਪਰਵਾਨ ਕਰ ਲਈ ਤੇ ਉਨ੍ਹਾਂ ਸੰਗਤਾਂ ਨੂੰ ਮੇਲੇ ਤੇ ਪੁੱਜਣ ਲਈ ਸੱਦਾ ਪੱਤਰ ਜਾਰੀ ਕਰ ਦਿੱਤੇ। ਪਰ ਸੂਬੇ ਦੀ ਨੀਅਤ ਬਦਲ ਗਈ। ਉਸ ਨੇ ਦੀਵਾਲੀ ਤੇ ਇਕੱਠੇ ਹੋਏ ਸਿੱਖਾਂ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਦੀ ਗੋਂਦ ਗੁੰਦ ਲਈ। ਇਸ ਸਾਜ਼ਸ਼ ਦੀ ਸੂਚਨਾ ਭਾਈ ਸਾਹਿਬ ਨੂੰ ਵੀ ਆ ਪਹੁੰਚੀ। ਉਹਨਾਂ ਸਰਕਾਰ ਦੀ ਬਦਨੀਤੀ ਭਾਂਪ ਕੇ ਸਾਰੀਆਂ ਸੰਗਤਾਂ ਨੂੰ ਅੰਮ੍ਰਿਤਸਰ ਆਉਣ ਤੋਂ ਵਰਜਣ ਲਈ ਨਵੀਆਂ ਚਿੱਠੀਆਂ ਲਿਖ ਘਲੀਆਂ। ਫਲ-ਸਰੂਪ ਦੀਵਾਲੀ ਤੇ ਬੜੀ ਥੋੜੀ ਸੰਗਤ ਆਈ, ਸੋ ਚੜ੍ਹਾਵਾ ਥੋੜਾ ਚੜ੍ਹਿਆ ਤੇ ਜਜ਼ੀਏ ਦੀ ਰਕਮ ਅਦਾ ਨ ਹੋ ਸਕੀ। ਸੂਬੇ ਨੇ ਜਵਾਬ-ਤਲਬੀ ਕੀਤੀ। ਭਾਈ ਸਾਹਿਬ ਵਲੋਂ ਸਿੰਘਾਂ ਨੇ ਵਿਸਾਖੀ ਦੇ ਮੇਲੇ ਮਗਰੋਂ ਰਕਮ ਤਾਰਨੀ ਪਰਵਾਨ ਕਰ ਲਈ। ਪਰ, ਵਿਸਾਖੀ ਦੇ ਮੇਲੇ ਤੇ ਫਿਰ ਉਵੇਂ ਹੀ ਹੋਇਆ ਤੇ ਲਾਹੌਰੋਂ ਫ਼ੌਜ ਨੇ ਆ ਕੇ ਅੰਮ੍ਰਿਤਸਰ ਦਾ ਘੇਰਾ ਪਾ ਲਿਆ। ਮੇਲਾ ਤਾਂ ਕੀ ਹੋਣਾ ਸੀ, ਭਾਈ ਮਨੀ ਸਿੰਘ ਤੇ ਕੁਝ ਹੋਰ ਨਾਮੀ ਸਿੱਖਾਂ ਨੂੰ ਗ੍ਰਿਫ਼ਤਾਰ ਕਰ ਕੇ ਲਾਹੌਰ ਲੈ ਗਏ। ਲਾਹੌਰ ਦੇ ਸੂਬੇ ਨੇ ਸਰੋਵਰ ਮਿੱਟੀ, ਚੰਮ, ਹੱਡ ਆਦਿ ਨਾਲ ਪੂਰ ਦੇਣ ਦਾ ਆਦੇਸ਼ ਦਿੱਤਾ

---

੨. ਕਵੀ ਬਵੰਜਾ ਥੇ ਗੁਰ ਪਾਸ। ਉਨ ਮੈਂ ਗਨਨਾ ਇਨ ਕੀ ਖ਼ਾਸ। —ਗਿਆਨੀ ਗਿਆਨ ਸਿੰਘ : **ਪੰਥ ਪ੍ਰਕਾਸ਼**

੩. ਸਪੁੱਤ੍ਰ ਪੋਤ ਤਉ ਗਾਊਂ ਮਨੀਰਾਮ, ਰੋਸ਼ਨ ਬੰਸ ਜਲੇ ਕਾ ਦਿੱਤਾ।
ਪੈਲ੍ਹਾਂ ਹੇਠ ਭੰਗਾਣੀ ਮਾਰੀ ਰਾਨਾ ਘਾਲ ਕੀਆ ਰਨ ਜਿੱਤਾ।
ਸਾਕਾ ਕੀਆ ਨਵਾਦਨ ਤੈਂ ਨੇ ਘਾਲਿਆ ਰਾਨਾ ਬੀਰ ਪਰਬਤਾ।
ਘੋੜੇ ਬੀਸ ਪਚਾਸ ਗਿਣਤੀ ਕੇ ਆਏ ਪੈਦਲ ਆਏ ਬਹੁ ਰਾਜਪੂਤਾ।
ਧਨ ਧਨ ਮਾਤਾ ਮਧਰੀ ਬਾਈ, ਤਉ ਜਾਇਆ ਮਨੀ ਰਾਮ ਪੂਤ ਸਪੁੱਤਾ। —**ਸ਼ਹੀਦ ਬਿਲਾਸ** ਪੰ: ੨੧

੪. **ਗੁਰ ਪ੍ਰਤਾਪ ਸੂਰਜ** (ਭਾਈ ਸੰਤੋਖ ਸਿੰਘ) ਰੁੱਤ ੩, ਅੰਸ਼ ੨੦

੫. **ਸ਼ਹੀਦ ਬਿਲਾਸ**, ਪੰ: ੬੬੧, ਇਸ ਤੱਥ ਦੀ ਪੁਸ਼ਟੀ ਗਿ: ਗਰਜਾ ਸਿੰਘ ਨੇ ਹਰਦੁਆਰ ਦੇ ਪੰਡੇ ਦੀ ਵਹੀ ਤੋਂ ਕੀਤੀ ਹੈ।

੬. ਉਸ ਸਮੇਂ ਭਾਈ ਸਾਹਿਬ ਦੀ ਆਯੂ ਸੱਤਰ ਵਰ੍ਹੇ ਦੀ ਹੋ ਚੁਕੀ ਸੀ।



www.AKJ.Org

ਤੇ ਭਾਈ ਮਨੀ ਸਿੰਘ ਨੂੰ ਬੰਦ ਬੰਦ ਜੁਦਾ ਕਰ ਕੇ ਮਾਰਨ[7] ਦਾ ਫ਼ਤਵਾ ਸੁਣਾਇਆ ਗਿਆ।

ਸੰਮਤ ੧੭੯੧ ਬਿ: (ਸੰਨ ੧੭੩੫ ਈਸਵੀ) ਦੀ ਹਾੜ ਸੁਦੀ ਪੰਚਮੀ ਨੂੰ ਭਾਈ ਮਨੀ ਸਿੰਘ ਜੀ ਨੂੰ (ਸਹਿਤ ਕੁਝ ਹੋਰ ਸਿੱਖਾਂ ਦੇ[8]) ਨਿਖ਼ਾਸ ਚੌਕ ਵਿਚ–ਜਿੱਥੇ ਗੁਰਦਵਾਰਾ ਸ਼ਹੀਦ ਗੰਜ ਸਥਾਪਿਤ ਹੋਇਆ–ਸ਼ਹੀਦੀ ਲਈ ਲਿਆਂਦਾ ਗਿਆ। ਭਾਈ ਸਾਹਿਬ ਨੇ ਸੁਖਮਨੀ ਸਾਹਿਬ ਦਾ ਪਾਠ ਆਰੰਭ ਦਿੱਤਾ ਤੇ ਜਿਤਨਾ ਚਿਰ ਉਹਨਾਂ ਦੇ ਸੁਆਸ ਕਾਇਮ ਰਹੇ, ਉਹਨਾਂ ਇਹ ਪਾਠ ਜਾਰੀ ਰਖਿਆ। ਇਹਨਾਂ ਦਾ ਬੰਦ ਬੰਦ ਜੁਦਾ ਕਰ ਕੇ ਇਹਨਾਂ ਨੂੰ ਸ਼ਹੀਦ ਕਰ ਦਿੱਤਾ ਗਿਆ। ਭੱਟ ਵਹੀਆਂ ਵਿਚ ਇਸ ਸਾਕੇ ਦਾ ਵਰਣਨ ਇਸ ਪ੍ਰਕਾਰ ਹੈ:

ਰਦਉਤ ਜਲਹਾਨਾ ਬੀਰ ਮਨੀ ਸਿੰਘ ਚਉਂ ਕੁੰਟੀਂ ਜਸ ਤਉ ਕਾ ਪਰਿਆ।
ਗੁਰੂ ਰਾਮਦਾਸ ਦਰ ਕਾ ਹੋਇ ਸੇਵਕ ਸਿੰਘ ਨਾਮ ਤਉ ਉੱਜਲ ਕਰਿਆ।
ਸਿਖੀ ਮੇਂ ਸੂਰਾ, ਭਗਤੀ ਮੇਂ ਪੂਰਾ, ਗਿਆਨ ਖੜਗ ਲੈ ਸਾਮੇਂ ਲਰਿਆ।
ਫ਼ਤੇ ਵਾਹਿਗੁਰੂ ਮੁਖ ਥੀਂ ਨਿਕਸੀ ਬੰਦ ਬੰਦ ਕਟ ਪੋਸ਼ ਉਖਰਿਆ।
ਦਿਆਲ ਦਾਸ ਸਮ ਕੀਆ ਤਉ ਸਾਕਾ ਬਿਰਖ ਬੰਸ ਜਲੇ ਕਾ ਹਰਿਆ।
ਸਾਤ ਸਪੂਤ ਤੂਨੇ ਰਨੇ ਏਕ ਏਕ ਲਰ ਸਾਮ੍ਹੇ ਮਰਿਆ।
ਜੈ ਜੈਕਾਰ ਭਯੋ ਜਗ ਤਉ ਕਾ ਧਰਮ ਹੇਤ ਦੁਖ ਦੇਹ ਤੇ ਜਰਿਆ।
ਰਾਨਾ ਰੰਕ ਸਮ ਕੋਈ ਨਹਿ ਤਉ ਕੇ, ਦਾਨ ਦੇਹ ਮੁੰਡ ਭਟੋਂ ਕਾ ਭਰਿਆ।
ਸਤ੍ਰਾ ਸੈ ਇਕਾਵਨ ਭਯੋ ਅਸਾਢ ਬਾਨਮੇਂ ਜਸ ਉਚਰਿਆ।
ਭੀਮ ਸਿੰਘ ਜਸ ਜੋੜ ਕੇ ਭਜਿਆ ਭੜੂ ਕੇ ਮਲਹਾਨ ਥਾਲ ਮਹੁਰੇ ਕਾ ਭਾਗ ਸਿੰਘ ਲਿਆ ਧਰਿਆ।
ਬੇਲ ਬਧੇ ਤਊ ਬੀਰ ਸਗਰਾਮ ਸਿੰਘ ਕੀ ਭਟ ਗਾਵੇਂ ਦਰ ਤਉ ਤੇ ਖਰਿਆ।

–ਭੱਟ ਵਹੀ ਮੁਲਤਾਨੀ, ਸਿੰਧੀ–ਸ਼ਹੀਦ ਬਿਲਾਸ, ਪੰਨਾ ੪੧

ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਕੋਈ ਮਾਮੂਲੀ ਗੱਲ ਨਹੀਂ ਸੀ। ਉਹ ਸਿਖ ਪੰਥ ਦੇ ਹਰਮਨ ਪਿਆਰੇ ਆਗੂ ਤੇ ਉੱਚ ਕੋਟੀ ਦੇ ਵਿਦਵਾਨ ਸਨ, ਜਿਨ੍ਹਾਂ ਦਸਮੇਸ਼ ਜੀ ਦੀ ਖਿੰਡੀ ਪੁੰਡੀ ਬਾਣੀ ਨੂੰ ਇਕੱਤਰ ਕਰ ਕੇ ਦਸਮ ਗ੍ਰੰਥ ਦੀ ਬੀੜ ਬੰਨ੍ਹੀ ਸੀ।

ਭਾਈ ਸਾਹਿਬ ਦੇ ਭਤੀਜੇ, ਭਾ: ਅਘੜ ਸਿੰਘ ਨੇ, ਅੰਮ੍ਰਿਤਸਰ ਦੇ ਹਾਕਮ ਅਬਦੁਲ ਰੱਜ਼ਾਕ ਤੇ ਫ਼ਤਵਾ ਦੇਣ ਵਾਲੀ ਕਾਜ਼ੀ ਦੋਹਾਂ ਨੂੰ ਮੌਤ ਦੇ ਘਾਟ ਜਾ ਉਤਾਰਿਆ। ਇਸ ਪੁਰ ਸਰਕਾਰ ਵਲੋਂ ਸਿੰਘਾਂ ਉਪਰ ਜ਼ੁਲਮਾਂ ਦਾ ਨਵਾਂ ਦੌਰ ਸ਼ੁਰੂ ਹੋ ਗਿਆ।

ਪਰ, ਸਿਖ ਪੰਥ ਨੇ ਆਪਣੇ ਹਰਮਨ ਪਿਆਰੇ ਆਗੂ ਦੀ ਯਾਦ ਆਪਣੀ ਅਰਦਾਸ ਦੇ ਪਾਠ-ਕ੍ਰਮ ਵਿਚ ਬੰਨ੍ਹ ਲਈ। ਬੰਦ ਬੰਦ ਕਟਵਾਉਣ ਵਾਲੇ ਇਸ ਮਹਾਪੁਰਖ ਨੂੰ ਹਰ ਸਿਖ ਹਿਰਦਾ ਨਿੱਤ - ਅਰਦਾਸ ਰਾਹੀਂ ਆਪਣੀ ਦਰਦ ਭਰੀ ਸ਼ਰਧਾਂਜਲੀ ਅਰਪਨ ਕਰਦਾ ਹੈ।

---

੭. "ਬੰਦ ਅਜ਼ ਬੰਦ ਬੰਦ ਜੁਦਾ ਕਰਦੰਦ!

੮. ਇਹਨਾਂ ਵਿਚੋਂ ਭਾਈ ਦੀਵਾਨ ਸਿੰਘ ਨੂੰ ਆਰੇ ਨਾਲ ਚੀਰਿਆ ਗਿਆ, ਤੇ ਭਾਈ ਗੁਲਜ਼ਾਰ ਸਿੰਘ ਨੂੰ ਹੋਰ ਤਸੀਹੇ ਦੇ ਕੇ ਮਾਰਿਆ ਗਿਆ।

---


**ਪਾਠਕ ਜੀ–** (੧) ਚਿੱਠੀ ਪੱਤਰ ਜਾਂ ਰਕਮ ਭੇਜਣ ਸਮੇਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਪਰਚੇ ਉਪਰ ਐਡਰੈਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖ ਕੇ ਭੇਜਦੇ ਹਾਂ ਜੀ।

੨) ਚੰਦਾ ਖ਼ਤਮ ਹੋਣ ਦੀ ਮੋਹਰ ਪਰਚੇ ਪਿਛੇ ਵੇਖੋ ਤਾਂ ਉਦੋਂ ਹੀ ਚੰਦਾ ਮਨੀਆਰਡਰ ਕਰਾਓ, ਨਹੀਂ ਤਾਂ ਪਰਚਾ ਬੰਦ ਹੋ ਜਾਸੀ।

੩) ਜੇ ਪਰਚਾ ੧੫ ਤਰੀਕ ਤਕ ਨਾ ਪਹੁੰਚੇ ਤਾਂ ਗੁੰਮ ਹੋ ਗਿਆ ਸਮਝੋ ਅਤੇ ਹੋਰ ਪਰਚਾ ਭੇਜਣ ਲਈ ਕਾਰਡ ਪਾਓ।

੪) ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ ਦੀ ਰਕਮ 'ਅਖੰਡ ਕੀਰਤਨੀ ਜਥਾ" ਦੇ ਨਾਂ ਭੇਜੋ, ਹੋਰ ਕਿਸੇ ਨਾਂ ਤੇ ਨਾ ਭੇਜੋ ਜੀ।

੫) ਦੇਸਾਂ ਪਰਦੇਸਾਂ ਤੋਂ ਸੂਰਾ ਪੱਤਰ ਨੂੰ ਅੰਮ੍ਰਿਤਸਰ ਤੋਂ ਬਿਨਾਂ ਕਿਸੇ ਹੋਰ ਸ਼ਹਿਰ ਦੇ ਭੇਜੇ ਚੈਕ ਜਾਂ ਡਰਾਫ਼ਟ ਵਿਚ, ਅਸਲ ਰਕਮ ਤੋਂ ਵਧ ਦਸ ਰੁਪਏ ਬੈਂਕ ਕਮਿਸ਼ਨ ਭੇਜੋ ਜੀ।




www.AKJ.Org

# ਪ੍ਰਭੂ ਦਰਸ਼ਨ

[ਪ੍ਰਿੰਸੀਪਲ ਕਰਤਾਰ ਸਿੰਘ ਜੀ, ਪਿੰਡ ਮੋਰਾਂਵਾਲੀ]

ਅਕਾਲ ਪੁਰਖ ਦੀ ਅਜਬ ਲੀਲ੍ਹਾ ਹੈ ਕਿ ਅਜ ਮਨੁੱਖ ਨੇ ਸਾਇੰਸ ਦੀ ਸਹਾਇਤਾ ਨਾਲ ਹੈਰਾਨੀ-ਜਨਕ ਪਦਾਰਥਿਕ ਪ੍ਰਾਪਤੀ ਕਰ ਲਈ ਹੈ, ਪਰ ਮਨੁੱਖੀ ਆਤਮਾ ਪਹਿਲਾਂ ਨਾਲੋਂ ਵੀ ਕਿਤੇ ਵੱਧ ਅਸ਼ਾਂਤ ਤੇ ਵਿਆਕੁਲ ਹੈ। ਸਾਇੰਸ ਵਾਂਗੂ ਫ਼ਿਲਾਸਫ਼ੀ ਮਨੁੱਖੀ ਮਨ ਨੂੰ ਚੁੰਧਿਆ ਤਾਂ ਦਿੰਦੀ ਹੈ, ਪਰ ਇਹ ਖ਼ੁਸ਼ਕ ਦਿਮਾਗ਼ੀ ਉਠਕਾਂ-ਬੈਠਕਾਂ ਹੀ ਹਨ। ਅਸਲ ਵਿਚ ਕੇਵਲ ਧਰਮ ਹੀ ਆਤਮਕ ਸ਼ਾਂਤੀ ਲਈ ਸਹਾਈ ਹੋ ਸਕਦੇ ਹਨ। ਧਰਮ ਕੇਵਲ ਤੇ ਕੇਵਲ ਆਸਤਿਕ ਹੀ ਹੋ ਸਕਦੇ, ਨਾਸਤਿਕ ਸੋਚਾਂ (ਚਾਹੇ ਧਰਮ ਵੀ ਕਹੀਆਂ ਜਾਂਦੀਆਂ ਹੋਣ) ਦਿਮਾਗੀ ਕਾਢਾਂ ਤੇ ਫ਼ਿਲਾਸਫ਼ੀਆਂ ਅਥਵਾ ਵਿਚਾਰਾਂ ਦੀਆਂ ਉਡਾਰੀਆਂ ਹਨ।

ਸਾਰੇ ਧਰਮ ਸਿਰਜਨਹਾਰ ਦੀ ਹਸਤੀ/ਹੋਂਦ ਦੇ ਕਾਇਲ ਹਨ। ਪਰ ਸਿਰਜਨਹਾਰ ਸਾਡੀਆਂ ਅੱਖਾਂ ਨਾਲ ਦਿਖਦਾ ਨਹੀਂ ਹੈ। ਇਹ ਮਨੁੱਖੀ ਮਨ ਦੀ ਸ਼ੰਕਾ/ਦੁਚਿੱਤੀ/ਦੁਬਿਧਾ/ਭਰਮ ਹੈ। ਕਮਾਲ ਦੀ ਗੱਲ ਹੈ ਕਿ ਨਾਸਤਿਕ ਤਾਂ ਸੰਸੇ ਵਿਚ ਹਨ ਹੀ, ਆਸਤਿਕ ਵੀ ਭਰਮ ਵਿਚ ਹਨ।

ਆਸਤਿਕਾਂ ਵਿਚੋਂ ਬੜੀ ਭਾਰੀ ਗਿਣਤੀ ਜਦੋਂ ਬਲੈਕ-ਮਾਰਕਿਟੀਆਂ/ਸਮਗਲਰਾਂ/ਬੇਈਮਾਨ ਲੀਡਰਾਂ-ਵਿਉਪਾਰੀਆਂ ਨੂੰ ਐਸ਼ ਇਸ਼ਰਤ ਕਰਦੇ ਤੇ ਰੰਗ-ਰਲੀਆਂ ਮਾਣਦੇ ਦੇਖਦੀ ਹੈ ਤਾਂ ਸ਼ੰਕਾ/ਦੁਚਿੱਤੀ ਵਿਚ ਆ ਜਾਂਦੀ ਹੈ ਕਿ ਜੋ ਅਸੀ ਪੂਜਾ ਪਾਠ ਕਰਦੇ/ਧਾਰਮਿਕ ਫਰਜ਼ ਨਿਭਾਉਂਦੇ ਹੋਏ ਆਤੁਰ ਹਾਂ ਤੇ ਇਹ ਐਸ਼ ਕਰ ਰਹੇ ਅਧਰਮੀ ਲੋਕ ਮੌਜਾਂ ਮਾਣਦੇ ਹਨ, ਕਿਤੇ ਅਸੀਂ ਪੂਜਾ-ਪਾਠ ਵਿਚ ਵਾਧੂ ਸਮਾਂ ਤਾਂ ਨਹੀਂ ਗੰਵਾ ਰਹੇ, ਸ਼ਾਇਦ ਕੋਈ ਈਸ਼ਵਰ/ਆਖਰਿਤ ਦਾ ਹਿਸਾਬ-ਕਿਤਾਬ ਨਾ ਹੀ ਹੋਵੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਹੁਕੀਕਤ ਦਾ ਇਸ ਤਰ੍ਹਾਂ ਕਥਨ ਹੈ :

**ਓਹੁ ਜੁ ਭਰਮੁ ਭੁਲਾਵਾ ਕਹੀਅਤ ਤਿਨ ਮਹਿ ਉਰਝਿਓ ਸਗਲ ਸੰਸਾਰਾ ॥੨॥੯॥** (ਪੰਨਾ ੬੧੧)

ਪੜ੍ਹਿਆਂ ਲਿਖਿਆਂ ਦੇ ਭਰਮ-ਭੁਲੇਖੇ ਤਾਂ ਬਹੁਤ ਹੀ ਡੂੰਘੇ ਹਨ। ਇਸ ਸੰਬੰਧ ਵਿਚ ਮੇਰੇ ਨਾਲ ਬੀਤੀਆਂ ਦੋ ਘਟਨਾਵਾਂ ਦਾ ਜ਼ਿਕਰ ਕਰਨਾ ਚਾਹਾਂਗਾ।

ਇਕ ਦਿਨ ਦੀ ਗੱਲ ਹੈ, ਮੈਂ ਐਮ. ਏ. (ਭਾਗ-I) ਨੂੰ ਯੂਰੀਪੀਅਨ ਇਤਿਹਾਸ ਪੜ੍ਹਾ ਰਿਹਾ ਸੀ। ਇਕ ਲੜਕੀ (ਮਿਸ ਮਦਾਨ, ਜੋ ਲੁਧਿਆਣਾ ਦੀ ਵਸਨੀਕ ਸੀ, ਤੇ ਪੜ੍ਹਨ ਵਿਚ ਬਹੁਤ ਲਾਇਕ ਸੀ) ਨੇ ਮੈਨੂੰ ਪੜ੍ਹਾਉਂਦੇ ਨੂੰ ਵਿਚਕਾਰ ਟੋਕ ਕੇ ਕਿਹਾ, ''ਸਰ, ਤੁਸੀਂ ਸਾਨੂੰ ਪਿਛਲੇ ਸਾਲ 'ਮੁਗ਼ਲ ਇਤਿਹਾਸ' ਦਾ ਪਰਚਾ ਪੜ੍ਹਾਇਆ ਹੈ, ਹੁਣ 'ਯੂਰੀਪੀਅਨ ਇਤਿਹਾਸ' ਪੜ੍ਹਾ ਰਹੇ ਹੋ। ਪਰ ਅਸੀਂ ਦੇਖਿਆ ਹੈ ਕਿ ਤੁਸੀਂ ਕਈ ਵਾਰ ਪੜ੍ਹਾਉਂਦੇ ਹੋਏ ਈਸ਼ਵਰ/ਪ੍ਰਮਾਤਮਾ ਦੀਆਂ ਗੱਲਾਂ ਕਰਦੇ ਹੋ! ਕੀ ਤੁਸੀਂ ਰੱਬ ਜੀ ਦੀ ਹਸਤੀ ਤੇ ਪੂਰਾ ਨਿਸਚਾ/ਯਕੀਨ ਰਖਦੇ ਹੋ? ਕੀ ਤੁਸੀਂ ਉਸ ਨੂੰ ਦੇਖਿਆ ਹੈ?''

ਇਸ ਲੜਕੀ ਦਾ ਸਵਾਲ ਵਾਕਈ ਹਰ ਪੜ੍ਹੇ ਲਿਖੇ ਦੇ ਮਨ ਦੀ ਆਵਾਜ਼ ਹੈ। ਸਵਾਲ ਅਚਾਨਕ ਕੀਤਾ ਗਿਆ ਸੀ। ਪਰ ਜੋ ਕੁਝ ਜਵਾਬ ਮੈਨੂੰ ਫੁਰਿਆ ਉਹ ਇਸ ਤਰ੍ਹਾਂ ਸੀ :

ਕ. ਸ:–ਬੇਟੀ, ਤੈਨੂੰ ਪਤਾ ਹੈ ਕਿ ਕਸ਼ਮੀਰ ਘਾਟੀ ਵਿਚ ਰੇਲ ਦੀ ਪਟੜੀ ਨਹੀਂ ਹੈ? ਪਾਕਿਸਤਾਨ ਬਣਨ ਤੋਂ ਪਹਿਲਾਂ ਇਕ ਲਾਈਨ ਕੋਹ-ਮਰੀ ਤੋਂ ਆਉਂਦੀ ਸੀ, ਹੁਣ ਕੋਈ ਵੀ ਨਹੀਂ ਹੈ।

ਮਿਸ ਮਦਾਨ–ਸਰ, ਇਹ ਮੈਨੂੰ ਪਤਾ ਹੈ।!

ਕ. ਸ.–ਬੇਟੀ, ਫ਼ਰਜ਼ ਕਰੋ ਕਸ਼ਮੀਰ ਵਾਦੀ ਦੇ ਦੂਰ ਇਕ ਪਿੰਡ ਵਿਚ ਇਕ ਬਜ਼ੁਰਗ ਮੰਨਿਆ-ਦੰਨਿਆ-ਸਿਆਣਾ ਬਾਬਾ ਰਹਿੰਦਾ ਹੈ, ਉਸ ਨੇ ਸਾਰੀ ਉਮਰ ਰੇਲ-ਗਡੀ, ਰੇਲ-ਲਾਈਨ ਨਹੀਂ ਦੇਖੀ। ਜੇਕਰ ਤੂੰ ਪੰਜਾਬ ਵਿਚੋਂ ਉਸ ਪਿੰਡ ਜਾ ਕੇ ਰੇਲ-ਗਡੀ ਬਾਰੇ ਇਕ ਲੰਮਾ-ਚੌੜਾ ਭਾਸ਼ਨ ਦੇਵੇਂ ਤੇ ਤੇਰੇ ਭਾਸ਼ਨ ਮਗਰੋਂ ਉਹ ਬਜ਼ੁਰਗ



www.AKJ.Org

ਖੜਾ ਹੋ ਕੇ ਸਾਰੀ ਇਕੱਠੀ ਜਨਤਾ ਦੇ ਸਾਹਮਣੇ ਕਹੇ ਕਿ ਰੇਲ-ਗਡੀ, ਇੰਜਣ, ਲਾਈਨ ਬਾਰੇ ਜੋ ਇਸ ਲੜਕੀ ਨੇ ਕਿਹਾ ਹੈ, ਸਰਾਸਰ ਅਸੰਭਵ ਹੈ। ਕਦੇ ਲੋਹੇ ਦੀ ਲੀਹ ਤੇ ਲੋਹੇ ਦਾ ਇੰਜਣ ਟੁਰ-ਭਜ ਸਕਦਾ ਹੈ ? ਇਹ ਬਿਲਕੁਲ ਗਲਤ ਹੈ। ਕੁਦਰਤੀ ਗੱਲ ਹੈ ਕਿ ਸਾਰੇ ਇਕੱਠੇ ਹੋਏ ਪੇਂਡੂ ਉਸ ਬਾਬੇ ਦੀਆਂ ਦਲੀਲਾਂ ਠੀਕ ਮੰਨ ਕੇ ਤੇਰਾ ਮਖੌਲ ਉਡਾਉਣਗੇ।

ਮਿਸ ਮਦਾਨ—ਇਹ ਤਾਂ ਠੀਕ ਹੈ।

ਕ. ਸ.—ਪਰ ਬੇਟੀ ! ਸੱਚੀ ਤੂੰ ਯਾ ਸੱਚਾ ਬਾਬਾ ?

ਮਿਸ ਮਦਾਨ—ਸੱਚੀ ਤਾਂ ਮੈਂ ਹਾਂ, ਕਿਉਂਕਿ ਮੈਂ ਰੇਲ ਪਟੜੀ, ਇੰਜਣ ਦੇਖਿਆ ਹੈ, ਉਸ ਨੇ ਨਹੀਂ ਦੇਖਿਆ।

ਕ. ਸ.—ਮੇਰਾ ਜਵਾਬ ਆ ਗਿਆ।

ਕੀ ਸੰਤ, ਮਹਾਤਮਾ, ਗੁਰੂ, ਪੀਰ, ਪੈਗੰਬਰ ਸਾਰੇ ਝੂਠੇ ਹਨ ? ਮੈਂ ਗੁਰਬਾਣੀ ਦੀ ਟੂਕ ਦਾ ਹਵਾਲਾ ਵੀ ਦਿਤਾ :

**ਸੰਤਨ ਕੀ ਸੁਣਿ ਸਾਚੀ ਸਾਖੀ ॥ ਸੋ ਬੋਲਹਿ ਜੋ ਪੇਖਹਿ ਆਖੀ ॥੪॥੩੬॥** (ਪੰਨਾ ੮੯੪)

(ਤਰਜਮਾ ਕਰਨ ਵੇਲੇ ਦਸ ਦਿਤਾ ਕਿ "ਸਾਖੀ" ਸ਼ਬਦ ਤੋਂ ਭਾਵ ਸ਼ਹਾਦਤ/ਗਵਾਹੀ ਹੈ।)

ਕ. ਸ.—ਬੇਟੀ, ਇਕ ਹੋਰ ਗੱਲ ਸੁਣ।

ਫ਼ਰਜ ਕਰੋ, ਤੇਰੇ ਕੋਲ ਇਕ ਰੇਡੀਓ ਸੈਟ ਹੈ, ਤੇ ਤੇਰੀ ਸਹੇਲੀ ਕੋਲ ਵੀ ਹੈ। ਤੇਰੀ ਸਹੇਲੀ ਉਸ ਨੂੰ ਟਿਯੂਨ ਕਰਨਾ ਜਾਣਦੀ ਹੈ ਅਤੇ ਤੂੰ ਨਹੀਂ ਜਾਣਦੀ। ਤੇਰੀ ਸਹੇਲੀ ਆਪਣਾ ਰੇਡੀਓ ਤੁਹਾਡੇ ਕੋਲ ਲਿਆ ਕੇ ਟਿਯੂਨ ਕਰ ਕੇ ਕਹਿੰਦੀ ਹੈ, "ਲਓ ਸੁਣੋ, ਇਹ ਦਿਲੀ ਸਟੇਸ਼ਨ ਬੋਲਦਾ ਹੈ, ਇਹ ਬੀ.ਬੀ.ਸੀ. (ਲੰਡਨ), ਇਹ ਮਾਸਕੋ, ਇਹ ਅਮਰੀਕਾ।" ਤੇਰਾ ਕੁਦਰਤੀ ਜਵਾਬ ਹੋਵੇਗਾ ਇਹ ਕਿਦਾਂ ਹੋ ਸਕਦਾ ਹੈ ਕਿ ਇਹ ਢਾਂਚਾ ਜਿਹਾ ਵਾਰੀ ਵਾਰੀ ਅੱਡੋ ਅੱਡੀ ਮੁਲਕਾਂ ਦੀਆਂ ਖ਼ਬਰਾਂ ਦੱਸ ਸਕੇ ?

ਮਿਸ ਮਦਾਨ—ਇਹ ਠੀਕ ਹੈ।

ਕ. ਸ.—ਤਾਂ ਫੇਰ ਸੱਚੀ ਤੂੰ ਜਾਂ ਤੇਰੀ ਸਹੇਲੀ।

ਮਿਸ ਮਦਾਨ—ਜੀ, ਮੇਰੀ ਸਹੇਲੀ।

ਕ. ਸ.—ਆਖ਼ਿਰ, ਕਿਉਂ ?

ਮਿਸ ਮਦਾਨ—ਜੀ, ਉਸ ਨੂੰ ਸੈਟ ਟਿਯੂਨ ਕਰਨਾ ਆਉਂਦਾ ਹੈ, ਮੈਨੂੰ ਨਹੀਂ।

ਕ. ਸ.—ਮੇਰਾ ਪੂਰਾ ਜਵਾਬ ਆ ਗਿਆ।

ਜਿਹੜੇ ਸੱਚ ਦੇ ਪੁਜਾਰੀ ਸਤ ਪੁਰਖ ਇਸ ਸਰੀਰ ਨੂੰ ਟਿਯੂਨ ਕਰ ਕੇ ਈਸ਼ਵਰ ਨੂੰ ਲੱਖ ਸਕਦੇ ਹਨ, ਉਹ ਬਿਲਕੁਲ ਸੱਚੇ ਹਨ, ਅਸੀਂ ਜੋ ਸਰੀਰ ਦੀ ਸੁਰਤ ਨੂੰ ਟਿਯੂਨ ਕਰਨਾ ਨਹੀਂ ਜਾਣਦੇ, ਉਹਨਾਂ ਮਹਾਂ-ਪੁਰਸ਼ਾਂ ਨੂੰ ਝੂਠੇ ਕਹਿੰਦੇ ਹਾਂ।

ਮਿਸ ਮਦਾਨ—ਸਰ, ਤੁਸੀਂ ਤਾਂ ਵਕਾਲਤ ਕਰ ਕੇ ਆਪਣੀ ਗਲ ਸਿੱਧ ਕਰ ਦਿੱਤੀ ਹੈ।

ਕ. ਸ.—ਨਹੀਂ ਬੇਟਾ, ਸੰਸਾਰ ਵਿਚ ਨਿੱਕੀ ਮੋਟੀ ਪ੍ਰਾਪਤੀ ਲਈ ਕੀਮਤ ਅਦਾ ਕਰਨੀ ਪੈਂਦੀ ਹੈ, ਮਿਹਨਤ ਕਰਨੀ ਪੈਂਦੀ ਹੈ, ਤੁਸੀਂ ਸੰਸਾਰ ਦੀ ਸਭ ਤੋਂ ਵੱਡ-ਮੁਲੀ ਪ੍ਰਾਪਤੀ-(ਪ੍ਰਭੂ-ਦਰਸ਼ਨ) ਐਵੇਂ ਹੀ ਕਰਨਾ ਚਾਹੁੰਦੇ ਹੋ, ਇਹ ਮਦਾਰੀ ਦਾ ਖੇਲ ਤਾਂ ਨਹੀਂ। ਸੁਰਤ ਨੂੰ ਸਿਮਰਨ ਦੁਆਰਾ ਈਸ਼ਵਰ ਨਾਲ ਟਿਯੂਨ ਕਰਨ ਦੀ ਕਰੜੀ ਮਿਹਨਤ ਕਰੋ, ਜ਼ਰੂਰ ਪ੍ਰਾਪਤੀ ਹੋਵੇਗੀ। ਕਰ ਕੇ ਤਾਂ ਦੇਖੋ।

ਸਭ ਚੁਪ ਹੋ ਗਏ ਤੇ ਮੈਂ ਯੂਰੀਪੀਅਨ ਇਤਿਹਾਸ ਪੜ੍ਹਾਉਣਾ ਸ਼ੁਰੂ ਕਰ ਦਿੱਤਾ।



www.AKJ.Org

# ਗੁਰਬਾਣੀ ਸਾਡਾ ਅਸਾਸਾ

[ਪ੍ਰਿੰਸੀਪਲ ਸੁਰਜੀਤ ਸਿੰਘ ਜੀ, ੯-ਫਰੈਂਡਜ਼ ਕਾਲੋਨੀ, ਸਾਊਥ ਮਾਡਲ ਗਰਾਮ, ਲੁਧਿਆਣਾ]

ਗੁਰਬਾਣੀ ਸਾਡਾ ਵਿਰਸਾ ਵੀ ਏ, ਤੇ ਜੀਵਨ-ਅਸਾਸਾ ਵੀ। ਮਨ ਨੂੰ ਰਜਾ ਦੇਣ ਵਾਲਾ, ਪਿਉ ਦਾਦੇ ਦਾ ਇਹ ਖ਼ਜ਼ਾਨਾ ਐਸਾ ਗਿਆਨ-ਭੰਡਾਰ ਹੈ, ਜੋ ਮਨੁਖ ਨੂੰ ਨਾ-ਕੇਵਲ ਵਿਸਮਾਦੀ ਅਨੰਦ ਵਿਚ ਹੀ ਲੈ ਆਉਂਦਾ ਹੈ, ਸਗੋਂ ਉਸ ਨੂੰ ਇਕ ਵਿਵੇਕ-ਮਈ ਜੀਵਨ-ਉਦੇਸ਼ ਵੀ ਦਿੰਦਾ ਹੈ। ਇਹ ਉਦੇਸ਼ ਹੈ ਅਗੰਮ ਤੇ ਅਗੋਚਰ ਪਰਮ ਸੱਚ ਦੀ ਪਛਾਣ, ਉਸ ਤਕ ਰਸਾਈ ਤੇ ਉਸ ਵਿਚ ਲੀਨਤਾ, ਉਸ ਨਾਲ ਇਕ-ਸੁਰ ਤੇ ਇਕ-ਤਾਰ ਹੋਣਾ ਤੇ ਅਖ਼ੀਰ ਉਸ ਵਿਚ ਇਕ-ਮਿੱਕ ਹੋ ਜਾਣਾ। ਇਹ ਉਦੇਸ਼ ਜਿਥੇ ਜ਼ਿੰਦਗੀ ਨੂੰ ਇਕ ਅਨੰਤ ਲਗਨ ਤੇ ਇਕ ਅਨੰਤ ਚਾਲ ਪ੍ਰਦਾਨ ਕਰਦਾ ਹੈ, ਅਨੰਤ ਪ੍ਰੀਤ ਦੇ ਰੂਪ ਵਿਚ ਸਦੀਵੀ ਆਹਾਰ, ਉਤਸ਼ਾਹ ਤੇ ਚੜ੍ਹਦੀ ਕਲਾ ਬਖ਼ਸ਼ਦਾ ਹੈ, ਉਥੇ ਉਸ ਨੂੰ ਹਰ ਪ੍ਰਕਾਰ ਦੀ ਉਦਾਸੀ ਤੇ ਉਪਰਾਮਤਾ ਤੋਂ ਵੀ ਛੁਟਕਾਰਾ ਦੁਆਂਦਾ ਹੈ ਤੇ ਮਨੁਖ ਰਜਿਆ ਰਜਿਆ ਮਹਿਸੂਸ ਕਰਦਾ ਹੈ, ਜ਼ਿੰਦਗੀ ਚੰਗੀ ਚੰਗੀ ਲੱਗਦੀ ਹੈ :

ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆਂ ਸੁਖ ਭੁੰਚੁ ॥
ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤੁ ॥੧॥੧੭॥

(ਸਲੋਕ ਮ: ੫, ਵਾਰ ਗੂਜਰੀ, ਪੰਨਾ ੫੨੨)

ਤੇ ਇਸ ਸੇਧ ਵਿਚ ਲੱਗਾ "ਗੁਰਮਖਿ ਬੁਢੇ ਕਦੇ ਨਾਹੀ"[੧] ਹੋ ਜਾਂਦਾ ਹੈ।

ਇਹ ਅਗੰਮ ਤੇ ਅਗੋਚਰ ਪਰਮ ਸੱਚ ਹੀ ਅੰਮ੍ਰਿਤ ਹੈ, ਤੇ ਇਸ ਦੀ ਪ੍ਰੀਤ ਵੀ ਅੰਮ੍ਰਿਤ, ਜਿਸ ਤੋਂ ਬਿਨਾਂ ਮਨੁਖ—

ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥੧॥੧੬॥ (ਪੰਨਾ ੨੫੩)

ਇਹ ਹੈ ਜ਼ਿੰਦਗੀ ਦਾ ਅਸਾਸਾ। ਗੁਰਬਾਣੀ ਪਰਮ ਸੱਚ ਦੀ ਪਛਾਣ ਕਰਵਾਂਦੀ ਹੈ, ਜੋ ਘਟ ਘਟ ਵਿਚ ਰਮ ਰਹੇ, ਰਾਮ ਦੇ ਰੂਪ ਵਿਚ, ਸਭ ਅਕਾਰਾਂ ਵਿਚ ਵਿਆਪਕ ਹੋਣ ਦੇ ਬਾਵਜੂਦ, ਨਿਰ-ਆਕਾਰ ਹੈ। ਇਸੇ ਨੂੰ ਗੁਰਬਾਣੀ ਵਿਚ ਨਾਮ ਹੈ, ਆਦਿ ਜੁਗਾਦੀ ਹੋਣ ਕਰਕੇ ਸਤਿਨਾਮ ਕਿਹਾ ਹੈ। ਇਸ ਨਾਲ ਪਿਆਰ ਦੀ ਗੰਢ ਪਾ ਕੇ, ਇਕ-ਲਿਵ ਤੇ ਇਕ-ਤਾਰ ਹੋਣਾ ਹੀ ਜ਼ਿੰਦਗੀ ਹੈ, ਤੇ ਇਸ ਨਿਸ਼ਾਨੇ ਤੋਂ ਖੁੰਝ ਜਾਣਾ, ਜਾਂ ਭਟਕ ਜਾਣਾ, ਜੀਵਨ ਤੋਂ ਕੁਰਾਹੇ ਪੈਣਾ ਹੈ, ਜ਼ਹਿਰ ਹੈ, ਮੌਤ ਹੈ, "ਨਾਇ ਵਿਸਰਿਐ ਮਰਿ ਜਾਇ"[੨] ਹੈ।

ਇਹ ਘਟ ਘਟ ਵਿਚ ਰਮ ਰਹੀ ਸਰਬ-ਵਿਆਪੀ ਜੋਤਿ ਜੀਉਂਦੇ ਜਾਗਦੇ ਰੂਪ ਵਿਚ, ਕੁਲ ਕਾਇਨਾਤ, ਕੁਲ ਸ੍ਰਿਸ਼ਟੀ ਦੇ ਅਨੇਕਾਂ, ਅੰਗਾਂ, ਰੰਗਾਂ ਤੇ ਢੰਗਾਂ ਵਿਚੋਂ ਹਰ ਇਕ ਨੂੰ, ਇਕੱਲੇ ਇਕੱਲੇ ਨੂੰ ਵੀ ਤੇ ਉਨ੍ਹਾਂ ਦੇ ਸਮੁੱਚੇ ਇਕੱਠ ਨੂੰ ਵੀ ਆਪਣੇ ਹੁਕਮ ਤੇ ਆਪਣੀ ਮਰਜ਼ੀ ਅਨੁਸਾਰ, ਬਿਨਾਂ ਕਿਸੇ ਹਿੜਕ ਝਿੜਕ ਜਾਂ ਰੋਕ ਰੁਕਾਵਟ ਦੇ, ਆਪਣੇ ਹੀ ਰਾਹ ਉਤੇ ਚਲਾਂਦੀ ਹੋਈ, "ਤੁਮ ਤੇ ਹੋਇ ਸੁ ਆਗਿਆਕਾਰੀ"[੩] ਬਣਾਂਦੀ ਹੋਈ, ਅਨੇਕਾਂ ਗੁਣਾਂ ਤੇ ਅਨੇਕਾਂ ਸਿਫ਼ਤਾਂ ਵਿਚ ਪ੍ਰਗਟ ਹੁੰਦੀ ਹੈ। ਇਨ੍ਹਾਂ ਸਿਫ਼ਤਾਂ ਨੂੰ ਪਛਾਣਨਾ, ਇਨ੍ਹਾਂ ਦਾ ਰਹਸ ਸਮਝਣਾ ਤੇ ਇਨ੍ਹਾਂ ਸਿਫ਼ਤਾਂ ਨੂੰ ਆਪਣੇ ਜੀਵਨ ਵਿਚ ਲਾਗੂ ਕਰਨਾ, ਮਨੁਖੀ ਜੀਵਨ ਨੂੰ, "ਸਿਫਤੀ ਗੰਢੁ ਪਵੈ ਦਰਬਾਰਿ"[੪] ਕਰ ਦਿੰਦਾ ਹੈ। ਉਸ ਨੂੰ ਐਸੀ ਜੀਵਨ-ਸੇਧ ਮਿਲ ਜਾਂਦੀ ਹੈ ਕਿ ਮਨੁਖ ਇਸ ਅੰਮ੍ਰਿਤ ਨਾਲ ਇਕ-ਸੁਰ ਹੋ ਜਾਂਦਾ ਹੈ, ਇਸ ਦੇ ਅਨੁਕੂਲ ਹੋ ਜਾਂਦਾ ਹੈ ਤੇ "ਸਹਜੇ ਸਹਜਿ ਮਿਲਾਇਦਾ"[੫] ਹੋ ਜਾਂਦਾ ਹੈ। ਇਹ ਸਭ ਕੁਝ ਉਸ ਦੀ ਮਿਹਰ ਤੇ ਨਦਰ ਨਾਲ ਹੀ ਨੇਪਰੇ ਚੜ੍ਹਦਾ ਹੈ।

੧. ਸਲੋਕ ਮ: ੩, ਅੰਕ ੪੪, ਪੰਨਾ ੧੪੧੮ ੨. ਸੋਰਠਿ ਮ: ੩ ਘਰੁ ੧, ਪੰਨਾ ੬੦੩
੩. ਗਉੜੀ ਸੁਖਮਨੀ ਮ: ੫, ॥੪॥੮॥ ਪੰਨਾ ੪੬੮ ੪. ਮ: ੧, ॥੨॥੧੨॥ ਪੰਨਾ ੧੪੩
੫. ਮਾਰੂ ਮ: ੩, ਅੰਕ ੧੨, ਪੰਨਾ ੧੦੬੬



www.AKJ.Org

ਇਨ੍ਹਾਂ ਸਿਫ਼ਤਾਂ ਵਿਚੋਂ ਸਭ ਤੋਂ ਉਘੜਵਾਂ ਤੇ ਪ੍ਰਭਾਵਸ਼ਾਲੀ ਰੂਪ, ਜੋ ਮਨੁਖ ਦੀ ਭਾਵਨਾ ਤੇ ਪਕੜ ਤੋਂ ਸਭ ਤੋਂ ਨੇੜੇ ਹੈ, ਉਸ ਦਾ ਅਨੁਰਾਗ ਜਾਂ ਪਿਆਰ ਰੂਪ ਹੈ। ਮਨੁਖ ਦਾ ਇਸ ਪ੍ਰੀਤ ਵਿਚ ਰੱਤੇ ਜਾਣਾ, ਆਤਮ ਸਮਰਪਣ ਤੇ ਆਗਿਆਕਾਰੀ ਹੋਣਾ ਮੰਗਦਾ ਹੈ। ਪਿਆਰ, ਹਮੇਸ਼ਾ ਆਪਾ ਤਿਆਗ ਤੇ ਆਗਿਆ-ਪਾਲ ਹੋਣਾ ਮੰਗਦਾ ਹੈ। ਇਸੇ ਲਈ ਗੁਰੂ ਨਾਨਕ ਦੇਵ ਜੀ ਨੇ ਸੱਚ ਨੂੰ ਮਿਲਣ ਲਈ, ਸਚਿਆਰ ਹੋਣ ਲਈ "ਹੁਕਮਿ ਰਜਾਈ ਚਲਣਾ" ਤੇ "ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ"[੧] ਦੀ ਜੁਗਤੀ ਦਸੀ ਹੈ। ਇਸ ਰਾਹ ਉਤੇ ਹਉਮੈ ਕਰਕੇ ਪਏ ਅੜਿਕਿਆਂ ਤੋਂ ਗੁਰਬਾਣੀ ਆਗਾਹ ਕਰਦੀ ਹੋਈ, ਇਨ੍ਹਾਂ ਤੋਂ ਬਚਣ ਦੀ ਤਾੜਨਾ ਵੀ ਕਰਦੀ ਹੈ, ਢੰਗ ਤੇ ਤਰੀਕਾ ਵੀ ਦਸਦੀ ਹੈ, ਤਾਕਿ ਮਨੁਖ ਸੰਭਲ ਕੇ, ਸਹਿਜ ਭਾਵ ਨਾਲ ਚਲਦਾ ਹੋਇਆ, ਕਿਰਤ ਤੇ ਕਮਾਈ ਉਤੇ ਆਧਾਰਤ ਟੱਬਰਦਾਰੀ ਜੀਵਨ ਜੀਉਂਦਾ ਹੋਇਆ, ਸੁਖੀ ਜੀਵਨ ਬਤੀਤ ਕਰ ਸਕੇ ਤੇ ਜੀਵਨ ਦੇ ਉਪਰ ਦਸੇ ਉਦੇਸ਼ ਨੂੰ ਪੂਰਾ ਕਰਕੇ, ਲਾਹ ਲੈ ਸਕੇ।

ਸਹਿਜ ਮਾਰਗ ਦੇ ਪਾਂਧੀ ਲਈ ਸਭ ਤੋਂ ਪਹਿਲੀ ਗੱਲ ਮਨ ਨੂੰ ਟਿਕਾਉ ਵਿਚ ਲਿਆਉਣਾ ਹੈ, ਉਸ ਤੋਂ ਹਰ ਪ੍ਰਕਾਰ ਦੇ ਦਬਾਉ ਤੇ ਭਾਜੜ ਨੂੰ ਦੂਰ ਕਰਨਾ ਹੈ। ਇਹ ਦਬਾਉ ਹੀ ਜ਼ਿੰਦਗੀ ਨੂੰ ਬੋਝਲ ਤੇ ਦੁਖੀ ਬਣਾਂਦੇ ਹਨ ਤੇ ਇਸ ਮਾਰਗ ਦੇ ਵੱਡੇ ਅੜਿੱਕੇ ਹੁੰਦੇ ਹਨ। ਲੋਭ, ਡਰ, ਵਾਸ਼ਨਾ, ਗੁਲਾਮੀ, ਗੁੱਸਾ ਤੇ ਅਹੰਕਾਰ ਇਨ੍ਹਾਂ ਅੜਿਕਿਆਂ ਦੇ ਕੁਝ ਰੂਪ ਹਨ।

ਸਚਿਆਰ ਬਣਨ ਲਈ 'ਸਚੁ ਆਚਾਰੁ'[੨] ਦਾ ਹੋਣਾ ਅਤਿ ਜ਼ਰੂਰੀ ਹੈ। ਮਨੁਖੀ ਆਚਰਨ ਨੂੰ ਇਕ ਪਾਸੇ ਤਾਂ ਸਮਾਜਕ ਤਕੜੀ ਨਾਲ ਤੋਲਿਆ ਜਾਣਾ ਹੈ। ਉਹ ਸਾਰੀਆਂ ਅਵੱਗਿਆਵਾਂ ਜਿਨ੍ਹਾਂ ਨੂੰ ਸਮਾਜ ਪ੍ਰਵਾਨ ਨਾ ਕਰਦਾ ਹੋਵੇ, ਪਾਪ ਹੁੰਦੀਆਂ ਹਨ। ਦੂਸਰੇ ਪਾਸੇ ਨਾਮ ਦੀ ਸੇਧ ਤੋਂ ਭਟਕ ਕੇ ਹਉਮੈ ਦੇ ਮਗਰ ਲਗ ਤੁਰਨਾ, ਫਿਰ ਪਾਪ ਹੁੰਦਾ ਹੈ। ਇਹ ਦੋਵੇਂ ਧਾਰਨਾਂ ਮਨੁਖੀ ਮਨ ਉਤੇ ਦਬਾਉ ਦਾ, ਡਰ ਦਾ ਕਾਰਨ ਬਣਦੀਆਂ ਹਨ। ਪਾਪਾਂ ਤੋਂ ਬਚਣਾ, ਡਰ ਤੋਂ ਮੁਕਤੀ ਦਾ ਰਾਹ, ਬੰਧਨਾਂ ਤੋਂ ਮੁਕਤੀ ਦਾ ਰਾਹ ਦਸਿਆ ਹੈ। ਇਨ੍ਹਾਂ ਤੋਂ ਬਚਣ ਨਾਲ ਮਨੁੱਖ ਜੀਵਨ-ਮੁਕਤ ਹੋ ਜਾਂਦਾ ਹੈ।

ਗੁਰਮਤਿ ਸਿਧਾਂਤ ਅਨੁਸਾਰ ਮਾਇਆ ਨੂੰ ਗੁਜ਼ਰਾਨ ਮੰਨਿਆ ਜਾਂਦਾ ਹੈ। ਜ਼ਿੰਦਗੀ ਜੀਊਣ ਲਈ ਇਸ ਦੀ ਲੋੜ ਨੂੰ ਅਨਿਵਾਰੀ ਮੰਨਿਆ ਜਾਂਦਾ ਹੈ। ਇਸ ਲਈ ਦਸਾਂ ਨਹੁੰਆਂ ਦੀ, ਮਿਹਨਤ ਤੇ ਈਮਾਨਦਾਰੀ ਦੀ ਕਿਰਤ ਕਰਨਾ ਤੇ ਇਸ ਦੇ ਨਾਲ ਹੀ ਮਾਇਆ ਦੀ ਹਉਮੈ ਉਸਾਰੀ ਰੁਚੀ ਤੋਂ ਬਚਣ ਲਈ ਵੰਡ ਛਕਣਾ, ਗੁਰਮਤਿ ਦੇ ਸੁਨਹਿਰੀ ਅਸੂਲ ਹਨ। ਮਾਇਆ ਦੀ ਗੁਲਾਮੀ ਭਟਕਣਾ, ਭਾਜੜ ਤੇ ਲੋਭ ਦੀ ਪ੍ਰਵਿਰਤੀ ਸਥਾਪਤ ਕਰਦੀ ਹੈ ਤੇ ਮਨੁੱਖ "ਸੇਵ ਕਰਤ ਜਨ ਜਨ ਕੀ"[੩] ਦੀ ਗੁਲਾਮੀ ਵਿਚ ਪੈ ਜਾਂਦਾ ਹੈ। ਇਸ ਰੂਪ ਵਿਚ ਮਾਇਆ ਨਾਗਨ ਹੋ ਜਾਂਦੀ ਹੈ ਤੇ ਮਨੁੱਖ ਨੂੰ ਆਪਣੀ ਲਪੇਟ ਵਿਚ ਐਸਾ ਜਕੜਦੀ ਹੈ ਕਿ ਉਹ ਦੰਭੀ, ਪਖੰਡੀ, ਕਾਮੀ ਤੇ ਅੰਨ੍ਹਾ ਬੋਲਾ ਹੋ ਕੇ, ਅੰਮ੍ਰਿਤ ਨਾਮ ਦੇ ਨਿਸ਼ਾਨੇ ਤੋਂ ਉੱਕ ਜਾਂਦਾ ਹੈ। ਮਾਇਆ ਦੇ ਨਾਗਨੀ ਵਲਾਂ ਤੋਂ ਛੁਟਕਾਰਾ ਪਾਉਣ ਲਈ ਕਈ ਲੋਕ ਤਿਆਗ, ਸੰਨਿਆਸ, ਉਦਾਸੀ ਤੇ ਉਪਰਾਮਤਾ ਨੂੰ ਸਤਿਕਾਰਦੇ ਹੋਏ, ਵੱਸਦੀ ਰੱਸਦੀ, ਹੁਕਮ ਤੇ ਰਜ਼ਾ ਵਿਚ ਚਲਦੀ ਦੁਨੀਆ ਨੂੰ ਛੱਡ ਕੇ ਜੰਗਲਾਂ ਤੇ ਬੀਆਬਾਨਾਂ ਦਾ ਰਾਹ ਫੜਦੇ ਹਨ। ਇਹ ਸਹਿਜ ਦਾ ਰਾਹ ਨਹੀਂ,

---

੧. ਜਪੁਜੀ, ਪਉੜੀ ੨, ਪੰਨਾ ੧,

੨. ਗੁਰਮਤਿ ਨਾਮ ਅਭਿਆਸ ਕਮਾਈ ਰੂਪੀ 'ਸਚੁ' ਆਚਾਰ ਤੋਂ ਸਾਰੇ ਆਨਮਤ ਕਰਮ ਕਰਤੂਤੀ ਵੀਚਾਰ ਆਚਾਰ ਹਿਠਾਹਾਂ ਉਰੇਡੇ ਹੀ ਰਹਿ ਜਾਂਦੇ ਹਨ। ਸਭ ਤੋਂ ਉਪਰ ਗੁਰਮਤਿ ਨਾਮ ਰੂਪੀ 'ਸਚੁ ਆਚਾਰੁ' ਹੀ ਹੈ।...ਗੁਰਮਤਿ 'ਸਚੁ' ਸਿਧਾਂਤੀ ਆਦਰਸ਼ ਸਭ ਸਚ-ਆਚਾਰਾਂ ਤੋਂ ਉਚਾ ਸੁਚਾ, ਸਭ ਤੋਂ ਸਿਰ-ਕਢਵਾਂ ਵਿਲੱਖਣ ਸਚਾਈ ਵਾਲਾ ਆਦਰਸ਼ ਹੈ। ਇਸ 'ਸਚੁ ਆਚਾਰੁ' ਤੋਂ ਮੁਰਾਦ ਇਖਲਾਕੀ (ਏਥੀਕਲ) ਸੁਸ਼ਕ ਸੱਚ ਨਹੀਂ।

[ਭਾ: ਸਾ: ਰਣਧੀਰ ਸਿੰਘ ਲਿਖਤ "ਗੁਰਮਤਿ ਸੱਚ ਨਿਰਣੈ", ਪੰਨਾ ੧੬੫

੩. ਆਸਾ ਮ: ੯, ਪੰਨਾ ੪੧੧



www.AKJ.Org

ਹੁਕਮ ਤੇ ਭਾਣੇ ਦਾ ਰਾਹ ਨਹੀਂ। ਇਹ ਆਪਣੇ ਆਪ ਵਿਚ ਬੰਧਨ ਤੇ ਸਜ਼ਾ ਭੋਗਣ ਦਾ ਰਾਹ ਹੈ, ਆਪਣ ਕੀਤਾ ਪਾਉਣ ਦਾ ਰਾਹ ਹੈ। ਗੁਰਮੁਖ ਦਾ ਰਾਹ ਤਾਂ ਮਾਇਆ ਵਿਚ ਉਦਾਸੀ ਹੋਣ ਦਾ, ਜਲ ਮਹਿ ਕਮਲ ਵਾਂਗ ਅਲੇਪ ਰਹਿਣ ਦਾ ਰਾਹ ਹੈ।

ਸੱਚ ਕੀ ਹੈ ? 'ਓੜਕਿ ਸਚਿ ਰਹੀ'[8] ਆਪਣੇ ਆਪ ਵਿਚ ਸੱਚ ਦੀ ਪ੍ਰੀਭਾਸ਼ਾ ਹੈ। ਗੁਰਬਾਣੀ ਵਿਚ ਇਸ ਦੇ ਤਿੰਨ ਰੂਪ ਦ੍ਰਿੜ੍ਹ ਕੀਤੇ ਗਏ ਹਨ :

ਥਿਰੁ ਨਾਰਾਇਣੁ, ਥਿਰੁ ਗੁਰੂ, ਥਿਰੁ ਸਾਚਾ ਬੀਚਾਰੁ ॥੩੪॥ (ਰਾਮਕਲੀ ਮ: ੧, ਪੰ: ੯੩੪)

ਇਨ੍ਹਾਂ ਨੂੰ ਮਾਇਆ ਦੇ ਤ੍ਰੈ ਗੁਣਾਂ, ਸੰਸਾਰੀ, ਭੰਡਾਰੀ ਤੇ ਦੀਬਾਣ ਲਾਉਣਾ ਦੇ ਸਾਹਮਣੇ ਰਖਿਆਂ ਸੱਚ ਤੇ ਕੂੜ ਅੰਮ੍ਰਿਤ ਤੇ ਬਿਖ, ਸਪੱਸ਼ਟ ਸਾਹਮਣੇ ਆ ਜਾਣਗੇ। ਫ਼ੈਸਲਾ ਮਨੁਖ ਦੀ ਵਿਵੇਕ ਬੁਧੀ ਨੇ ਕਰਨਾ ਹੈ ਕਿ "ਓੜਕਿ ਸਚਿ ਰਹੀ"[8] ਦੇ ਮਾਰਗ ਉਤੇ ਚਲਣਾ ਹੈ ਜਾ 'ਕੂੜ ਨਿਖੁਟੈ" ਦੇ ਰਾਹ ਪੈਣਾ ਹੈ।

ਸਰੀਰਕ ਰੂਪ ਵਿਚ ਇਤਿਹਾਸਕ ਰਾਮ, ਤੇ ਸਰਬ-ਵਿਆਪੀ ਘਟ ਘਟ ਰਮੇ ਹੋਏ ਰਾਮ ਦੇ ਫ਼ਰਕ ਨੂੰ ਗੁਰਬਾਣੀ ਖ਼ੂਬ ਸਪੱਸ਼ਟ ਕਰਦੀ ਹੈ। ਸਰੀਰਕ ਰੂਪ ਵਾਲੇ ਇਤਿਹਾਸਕ ਰਾਮ ਵਿਚ ਮਨੁਖੀ ਕਮਜ਼ੋਰੀਆਂ–ਜਿਵੇਂ ਸੀਤਾ-ਤੇ ਲਛਮਣ ਦੇ ਵਿਛੜ ਜਾਣ ਕਰਕੇ ਰਾਮ ਦਾ ਰੋਣਾ ਤੇ ਅਖ਼ੀਰ "ਰਾਮੁ ਗਇਓ"[5] ਹੋ ਜਾਣਾ (ਭਾਵ ਬਿਨਸ ਜਾਣਾ) ਮੌਜੂਦ ਹਨ, ਜੋ ਉਸ ਨੂੰ ਨਿਤਾਣਾ ਤੇ ਕਮਜ਼ੋਰ ਬਣਾਂਦੀਆਂ ਹਨ। ਪਰ ਰਮਈਆ ਰਾਮ ਨਿਰ-ਅਕਾਰ ਹੋਣ ਕਰਕੇ ਅਮਰ ਹੈ ਤੇ ਸਰਬ ਵਿਆਪਕ ਹੋਣ ਕਰਕੇ ਅਗੰਮ ਸਿਫ਼ਤਾਂ ਦਾ ਮਾਲਕ ਹੈ; ਅਤਿਅੰਤ ਸੁਰਮਗਤੀ ਤੇ ਤਕੜਾਈ ਦਾ ਸੋਮਾ ਹੈ, ਅੰਮ੍ਰਿਤ ਹੈ। ਐਸੇ ਰਮਈਆ ਰਾਮ ਨੂੰ ਰਾਮ ਕਹਿਣਾ ਹੀ ਕਾਫ਼ੀ ਨਹੀਂ– ਕੇਵਲ "ਕਹਿਐ ਰਾਮੁ ਨ ਹੋਇ"[6], ਸਗੋਂ ਉਸ ਅਨੰਤ ਸਿਫ਼ਤਾਂ ਵਾਲੇ ਰਮਤ ਰਾਮ ਨੂੰ ਸੁਆਸ ਸੁਆਸ ਮਨ ਵਿਚ ਵਸਾਣ ਤੇ ਉਸ ਨੂੰ ਜ਼ਿੰਦਗੀ ਦਾ ਅਧਾਰ ਬਣਾਉਣ ਨਾਲ ਹੀ–

ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥੬॥੩॥ (ਰਾਮਕਲੀ ਕਬੀਰ ਜੀ, ਪੰਨਾ ੯੬੯) ਹੋ ਸਕਦਾ ਹੈ

ਇਹ ਹੈ ਗੁਰਬਾਣੀ ਦਾ ਵਿਰਸਾ, ਗੁਰਬਾਣੀ ਦਾ ਅਸਾਸਾ।

੪. ਮ: ੧, ॥੨॥੧੩॥ ਪੰਨਾ ੯੫੩

੫. ਸਲੋਕ ਮ: ੯, ਅੰਕ ੫੦, ਪੰਨਾ ੧੪੨੮ ੬. ਗੂਜਰੀ ਮ: ੩, ॥੧੬॥ ਪੰਨਾ ੪੯੧

# ਗੁਰੂ-ਦਰ ਦਾ ਕਰਾਮਾਤੀ ਚਮਤਕਾਰ

ਮੈਂ ਬੜੀ ਮੁਦਤ ਤੋਂ ਬੀਮਾਰ ਚਲੀ ਆ ਰਹੀ ਸੀ। ਮੇਰੇ ਮਾਪੇ ਬੜੇ ਪ੍ਰੇਸ਼ਾਨ ਸਨ ਅਤੇ ਉਨ੍ਹਾਂ ਨੇ ਮੇਰੇ ਇਲਾਜ ਲਈ ਕੋਈ ਥਾਂ ਨਾ ਛਡੀ ਜਿਥੇ ਮੈਨੂੰ ਨਾ ਦਿਖਾਇਆ ਹੋਵੇ। ਦਿਲੀ ਵਿਖੇ ੧੯੮੯ ਦੁਸਹਿਰੇ ਸਮੇਂ ਅਖੰਡ ਕੀਰਤਨ ਸਮਾਗਮਾਂ ਸਮੇਂ ਮੈਂ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਪਾਨ ਕੀਤਾ। ਇਸ ਅੰਮ੍ਰਿਤ-ਕਲਾ ਨੇ ਮੈਨੂੰ ਅਲੌਕਿਕ ਸ਼ਕਤੀ ਬਖਸ਼ੀ। ਮੇਰੇ ਅੰਦਰ ਅੰਮ੍ਰਿਤ-ਕਲਾ ਕਾਰਨ ਇਕ ਨਿਸਚਾ ਬਝ ਗਿਆ, ਜਿਸ ਸਦਕਾ ਮੈਂ ਬੰਗਲਾ ਸਾਹਿਬ ਜਾ ਕੇ ਅਰਦਾਸ ਕੀਤੀ। ਸੰਗਤਾਂ ਨੂੰ ਸੇਵਾ ਕਰਦਿਆਂ ਵੇਖਿਆ ਤਾਂ ਮਨ ਵਿਚ ਸੇਵਾ ਵਿਚ ਜੁਟਣ ਦਾ ਉਛਾਲਾ ਆਇਆ। ਮਾਤਾ ਪਿਤਾ ਦੇ ਨਾਲ ਮੈਂ ਕਾਫੀ ਦਿਨ ਨਿਤਾਪ੍ਰਤ ਆ ਕੇ ਚੁਬੱਚੇ ਦਾ ਜਲ ਵਰਤਾਉਂਦੀ ਅਤੇ ਜੋ ਜਲ ਹੇਠਾਂ ਡਿਗ ਜਾਂਦਾ, ਉਸ ਨੂੰ ਦੁਪੱਟੇ ਨਾਲ ਪੂੰਝ ਕੇ ਪੀ ਲੈਂਦੀ ਸਾਂ। ਜਿਉਂ ਜਿਉਂ ਮੈਂ ਇਸ ਸੇਵਾ ਵਿਚ ਜੁਟ ਕੇ ਆਪਾ-ਭਾਵ ਨਿਵਾਰਦੀ ਅਤੇ ਸੰਗਤਾਂ ਦੀ ਧੂੜ ਬਣਦੀ ਗਈ, ਤਿਉਂ ਤਿਉਂ ਮੇਰੀ ਬੀਮਾਰੀ ਨਸਦੀ ਗਈ। ਹੁਣ ਗੁਰੂ ਕਿਰਪਾ ਨਾਲ ਮੈਨੂੰ ਕੋਈ ਤਕਲੀਫ ਨਹੀਂ ਹੈ।

ਇਹ ਹੈ ਅੰਮ੍ਰਿਤ ਦੀ ਸ਼ਕਤੀ ਅਤੇ ਬਾਲਾ ਪ੍ਰੀਤਮ ਦੇ ਗੁਰ-ਅਸਥਾਨ ਬੰਗਲਾ ਸਾਹਿਬ ਦੀ ਵਡਿਆਈ।

[ਕੁਲਬੀਰ ਕੌਰ, ਨਵੀਂ ਦਿਲੀ]


www.AKJ.Org

# ਭੂਰਿਆਂ ਵਾਲੇ ਰਾਜੇ ਕੀਤੇ (੧੭)
# ਮੁਗ਼ਲਾਂ ਜ਼ਹਿਰ ਪਿਆਲੇ ਪੀਤੇ

[ਕੈਪਟਿਨ ਸਵਰਨ ਸਿੰਘ ਜੀ]

**ਪੰਜਾਬ ਵਿਚ ਅਮਨ ਦਾ ਸਵਾ ਸਾਲ–**

ਅਕਤੂਬਰ ਸੰਨ ੧੭੧੩ ਈ: ਤੋਂ ਫਰਵਰੀ ਸੰਨ ੧੭੧੫ ਈ: ਤਕ, ਜਿੰਨਾ ਚਿਰ ਬੰਦਾ ਸਿੰਘ ਆਪਣੇ ਸਾਥੀਆਂ ਨਾਲ ਚਨਾਬ-ਕੰਢੇ ਸਥਿਤ, ਡੇਰਾ ਬਾਬਾ ਬੰਦਾ ਸਿੰਘ ਵਿਖੇ ਰਿਹਾ, ਪੰਜਾਬ ਵਿਚ ਇਹ ਸਵਾ ਕੁ ਸਾਲ ਅਮਨ-ਚੈਨ ਦਾ ਸੀ। ਪੰਜਾਬ ਦੇ ਹੋਰਨਾਂ ਹਿੱਸਿਆਂ ਵਿਚ ਸਿੰਘਾਂ ਦੀ ਵਿਆਪਕ (ਨਕਲੋ-ਹਰਕਤ) ਕਾਰਗੁਜ਼ਾਰੀ ਦਾ ਕੋਈ ਪੂਰਾ ਵੇਰਵਾ ਨਹੀਂ ਮਿਲਦਾ। ਇਸ ਸਮੇਂ ਦਰਬਾਰ ਵਿਚ ਪੁਜਣ ਵਾਲੀਆਂ ਖ਼ਬਰਾਂ ਵੀ ਕੋਈ ਖ਼ਾਸ ਸਹਾਇਤਾ ਨਹੀਂ ਕਰਦੀਆਂ। ਕਿਧਰੇ ਟਾਵਾਂ ਟਾਵਾਂ ਜ਼ਿਕਰ ਆਉਂਦਾ ਹੈ, ਜਿਥੋਂ ਇਹ ਸਪੱਸ਼ਟ ਨਹੀਂ ਹੁੰਦਾ ਕਿ ਹੋਈ ਟੱਕਰ ਵਿਚ ਕੌਣ ਉੱਘਾ ਸਿੰਘ ਸਰਦਾਰ ਸ਼ਾਮਲ ਸੀ। ਬਾਦਸ਼ਾਹ ਨੂੰ ਜੋ ਖ਼ਬਰਾਂ ਭੇਜੀਆਂ ਜਾਂਦੀਆਂ ਸਨ, ਉਨ੍ਹਾਂ ਵਿਚ ਸਿਖ ਸਰਦਾਰਾਂ ਦੇ ਨਾਉਂ ਕਿਧਰੇ ਘਟ ਹੀ ਆਉਂਦੇ ਹਨ, ਇਸ ਲਈ ਜਿਥੇ ਸਿਖ ਸਰਦਾਰਾਂ ਜਾਂ ਜਥਿਆਂ ਨੇ ਹੀ ਮੱਲਾਂ ਮਾਰੀਆਂ, ਜਾਂ ਸ਼ਾਹੀ ਫ਼ੌਜ ਨਾਲ ਟਕਰਾਂ ਲਈਆਂ, ਉਥੇ ਬਾਦਸ਼ਾਹ ਨੂੰ ਖ਼ਬਰਾਂ ਇਸ ਤਰ੍ਹਾਂ ਗੋਲ-ਮੋਲ ਕਰਕੇ ਭੇਜੀਆਂ ਗਈਆਂ ਹੋਈਆਂ ਹਨ ਕਿ ਉਨ੍ਹਾਂ ਵਿਚੋਂ ਇੰਜ ਭਾਸੇ ਕਿ ਇਸ ਵਿਚ ਬੰਦਾ ਸਿੰਘ ਮੌਜੂਦ ਸੀ, ਤਾਂਕਿ ਬਾਦਸ਼ਾਹ ਵਲੋਂ ਪ੍ਰਸੰਸਾ ਮਿਲ ਸਕੇ। ਇਸ ਸਵਾ ਕੁ ਸਾਲ ਦੇ ਸਮੇਂ ਦੀਆਂ ਖ਼ਬਰਾਂ ਚੋਂ ਕੋਈ ਸਚਾਈ ਲਭ ਸਕਣਾ ਕਾਫ਼ੀ ਮੁਸ਼ਕਲ ਹੈ। ਇਹ ਨਿੱਕੀਆਂ ਮੋਟੀਆਂ ਟੱਕਰਾਂ ਐਸੀਆਂ ਨਹੀਂ ਸਨ, ਜੋ ਸਰਕਾਰ ਦੀ ਨੀਂਦ ਹਰਾਮ ਕਰ ਸਕਣ। ਗਸ਼ਤੀ ਫ਼ੌਜ ਜੋ, ਅੱਗੇ ਸਿੰਘਾਂ ਦੇ ਡਰੋਂ ਉਨ੍ਹਾਂ ਦੇ ਅਸਲ ਟਿਕਾਣਿਆਂ ਵਲ ਮੂੰਹ ਨਹੀਂ ਸੀ ਕਰਦੀ, ਹੁਣ ਜ਼ਰਾ ਹੌਸਲੇ ਨਾਲ ਫਿਰਨ ਲੱਗੀ ਤੇ ਵਾਹੀ-ਜੋਤੀ ਵਿਚ ਰੁਝੇ ਮਿਲਵਰਤਣੀਏ ਸਿਖਾਂ ਨੂੰ ਅਜਾਈਂ ਪ੍ਰੇਸ਼ਾਨ ਕਰਦੀ ਫਿਰਦੀ ਸੀ। ਮੁਖ਼ਬਰ ਆਪਣੀ ਹੋਂਦ ਨੂੰ ਸਰਕਾਰ ਦੀਆਂ ਨਜ਼ਰਾਂ ਵਿਚ ਲਾਭਦਾਇਕ ਤੇ ਸਰਕਾਰ ਦੇ ਹਿਤੂ ਬਣਾਈ ਰਖਣ ਲਈ ਗੁਰਮੁਖ ਪਰਵਾਰਾਂ ਨੂੰ ਤੰਗ ਕਰਦੇ ਸਨ ਤ ਆਪਣੀਆਂ ਨਿਜੀ ਕਿੜਾਂ ਵੀ ਕੱਢੀ ਜਾਂਦੇ ਸਨ। ਇਸ ੧੫-੧੬ ਮਹੀਨਿਆਂ ਦੇ ਸਮੇਂ ਵਿਚ ਪੰਜਾਬ ਅੰਦਰ ਚੁਪ-ਚਾਂ ਰਹੀ। ਸਰਕਾਰ ਦਾ ਹੱਥ ਉਤੇ ਸੀ। ਪਰ ਇਹ ਅਮਨ ਦਾ ਦੌਰ ਬਹੁਤੀ ਦੇਰ ਤੱਕ ਨਾ ਚੱਲ ਸਕਿਆ। ਸਰਕਾਰ ਲਈ ਇਸ ਦਾ ਦੇਰ ਤਕ ਸੰਭਾਲਾ ਕਰੀ ਰਖਣਾ ਮੁਸ਼ਕਲ ਹੋ ਰਿਹਾ ਸੀ।

ਸੰਨ ੧੭੧੪ ਈ: ਦੇ ਅਰੰਭ ਵਿਚ ਬਾਦਸ਼ਾਹ ਫ਼ਰੁੱਖ਼-ਸੀਅਰ ਵਲੋਂ ਜ਼ੈਨੁਦੀਨ ਅਹਿਮਦ ਖਾਨ ਦੀ ਥਾਂ ਸਰਹੰਦ ਦਾ ਫ਼ੌਜਦਾਰ ਖ਼ਿਦਮਤ ਤਲਬ ਖਾਨ ਨੀਯਤ ਕੀਤਾ ਗਿਆ ਸੀ। ਇਸ ਨੂੰ ਹੁਕਮ ਸੀ ਕਿ ਸਿੱਖਾਂ 'ਤੇ ਡਾਢੀ ਕਰੜੀ ਨਿਗਾਹ ਰਖੇ; ਜਿਸ ਪਾਸੇ ਵੀ ਸਿਰ ਚੁਕਣ, ਸਖ਼ਤੀ ਨਾਲ ਦਬਾ ਦਿੱਤੇ ਜਾਣ। ਇਹ ਪਹਿਲੇ ਫ਼ੌਜਦਾਰਾਂ ਨਾਲੋਂ ਕੁਝ ਵਧੇਰੇ ਚਤੁਰ, ਸਖ਼ਤ ਸੁਭਾਅ ਤੇ ਧੁਨ ਦਾ ਪੱਕਾ ਆਦਮੀ ਸੀ। ਬਾਦਸ਼ਾਹ ਦੀ ਨਜ਼ਰ ਵਿਚ ਛੇਤੀ ਤੋਂ ਛੇਤੀ ਭਲ ਖਟਣ ਦਾ ਚਾਹਵਾਨ ਸੀ। ਇਹ ਉਹ ਜ਼ੁਲਮੀ ਦੌਰ ਸੀ, ਜਿਸ ਵਿਚ ਪਰਜਾ ਨੂੰ ਸੁਖੀ ਰਖਣ ਤੇ ਹੋਰ ਤਰੱਕੀ ਦੇ ਕੰਮ ਕਰ ਕੇ ਏਨੀ ਭਲ ਨਹੀਂ ਸੀ ਮਿਲ ਸਕਦੀ ਜਿੰਨੀ ਸਿੱਖਾਂ ਉਤੇ ਜ਼ੁਲਮ ਤੋੜ ਕੇ, ਉਨ੍ਹਾਂ ਨੂੰ ਘਰੋਂ ਘਾਟੋਂ ਕਢ ਕੇ, ਉਨ੍ਹਾਂ ਦੀ ਫਸਲ ਬਾੜੀ ਤਬਾਹ ਕਰਕੇ, ਤੇ ਹੱਥ ਆਇਆਂ ਦੇ ਸਿਰ ਵੱਢ ਕੇ ਤੇ ਦਰਬਾਰ ਵਿਚ ਘਲਾ ਕੇ ਮਿਲਦੀ ਸੀ। ਇਹਦੀ ਖ਼ਾਹਿਸ਼ ਸੀ ਕਿ ਸਿਖ ਉਸ ਦੇ ਛੇਤੀ ਛੇਤੀ ਹੱਥੇ ਚੜ੍ਹਨ ਤੇ ਉਹ ਆਪਣੇ ਮਾਲਕ ਨੂੰ ਆਪਣੇ ਜੌਹਰ ਦਿਖਾ ਸਕੇ। ਕਈ ਵਾਰ ਸਮਾਂ ਬੜੇ ਸੋਹਣੇ ਢੋਅ ਢੁਕਾਅ ਦੇਂਦਾ ਹੈ। ਇਸ ਵੇਲੇ ਸਿੰਘ ਪਹਾੜਾਂ ਵਲੋਂ ਮੈਦਾਨਾਂ ਨੂੰ ਉਤਰ ਰਹੇ ਸਨ। ਇਸ ਲਈ ਨਵੇਂ ਫੌਜਦਾਰ ਨੇ ਬੜੀ ਵੱਡੀ ਨਵੀਂ ਫ਼ੌਜ ਭਰਤੀ ਕਰ ਲਈ, ਤਾਂਕਿ ਉਹ ਸਿੰਘਾਂ ਦੇ ਪਹਾੜਾਂ ਵਲੋਂ ਉਤਰਨ ਦੇ ਟਿਕਾਣਿਆਂ



www.AKJ.Org

ਦੀ ਦੇਖ-ਭਾਲ ਕਰ ਸਕੇ ਤੇ ਉਨ੍ਹਾਂ ਨੂੰ ਉਤਰਦਿਆਂ ਨੂੰ ਹੀ ਦਬੋਚ ਲਵੇ, ਜਾਂ ਮਗਰ ਪੈ ਕੇ ਉਨ੍ਹਾਂ ਨੂੰ ਘੇਰ ਕੇ ਮਾਰ ਮੁਕਾਏ। ਪਹਾੜਾਂ ਦੇ ਪੈਰਾਂ ਦੇ ਨਾਲ ਨਾਲ ਮੁਖ਼ਬਰਾਂ ਦਾ ਜਾਲ ਵਿਛਾ ਦਿੱਤਾ, ਜੋ ਹਰ ਕਿਸਮ ਦੀ ਹਿਲ-ਜੁਲ ਦੀ ਫ਼ੌਜ ਨੂੰ ਸੂਹ ਦੇਣ। ਸਿੰਘ ਵੀ ਡਾਢੀ ਔਖ ਵਿਚ ਸਨ। ਉਨ੍ਹਾਂ ਦੇ ਕਿਲ੍ਹੇ ਤਾਂ ਮੁਗ਼ਲ ਸਰਕਾਰ ਦੇ ਪਹਿਲਾ ਹੀ ਹੱਥਾਂ ਵਿਚ ਆ ਚੁਕੇ ਸਨ। ਮੈਦਾਨਾਂ ਵਿਚ ਉਨ੍ਹਾਂ ਪਾਸ ਕੋਈ ਪੱਕਾ ਪ੍ਰਬੰਧ ਨਹੀਂ ਸੀ, ਜਿਸ ਆਸਰੇ ਉਹ ਕੁਝ ਸਮਾਂ ਸੌਖਾ ਗੁਜ਼ਾਰ ਸਕਣ। ਦੂਜੇ ਪਾਸੇ ਮੁਗ਼ਲ ਰਾਜ ਦੇ ਹਮਾਇਤੀ ਸਾਰੇ ਪਾਸੀਂ ਉਨ੍ਹਾਂ ਵਿਰੁੱਧ ਉਠ ਖੜੇ ਹੋਏ ਸਨ। ਇਸ ਲਈ ਸਿੰਘਾਂ ਵਾਸਤੇ ਪਹਾੜਾਂ ਨੂੰ ਛੱਡ ਕੇ ਮਾਲਵੇ, ਬੀਕਾਨੇਰ ਵਲ ਉਤਰ ਸਕਣਾ ਬਹੁਤ ਹੀ ਮੁਸ਼ਕਲ ਸੀ। ਇਸ ਹਾਲਤ ਵਿਚ ਉਨ੍ਹਾ ਲਈ ਮੁੜ ਪਹਾੜਾਂ ਨੂੰ ਚੜ੍ਹ ਜਾਣ ਤੋਂ ਬਿਨਾਂ ਕੋਈ ਚਾਰਾ ਨਹੀਂ ਰਿਹਾ ਸੀ। ਪਹਾੜੀਏ ਵੀ ਏਨੇ ਜੋਗੇ ਨਹੀਂ ਸਨ ਕਿ ਉਨ੍ਹਾਂ ਦੀ ਔਖੀ ਘੜੀ ਕਟਾ ਸਕਣ। ਇਹ ਲੋਕ ਪਰਲੇ ਦਰਜੇ ਦੇ ਡਰਾਕਲ ਤੇ ਆਪਣੇ ਛੋਟੇ ਜਿਹੇ ਲੋਭ ਖ਼ਾਤਰ ਵੱਡੇ ਤੋਂ ਵੱਡਾ ਧੋਖਾ ਕਰਨ ਵਾਲੇ ਤੇ ਬੇਇਤਬਾਰੇ ਲੋਕ ਸਨ। ਪਹਾੜੀਏ ਕਿਸੇ ਦੇ ਮਿਤ ਨਹੀਂ ਹੁੰਦੇ। ਪਹਿਲਾਂ ਕਲਗੀਧਰ ਜੀ ਨੇ ਹਿੰਦੂਆਂ ਦੀ ਰਖਿਆ ਤੇ ਇੱਜ਼ਤ-ਆਬਰੂ ਨਾਲ ਜੀਉਣ ਦੇ ਹੱਕ ਲਈ ਸੰਘਰਸ਼ ਕੀਤਾ, ਜਿਸ ਵਿਚ ਬੇਗਿਣਤ ਸਿੰਘ ਤੇ ਆਪਣਾ ਸਰਬੰਸ ਹੀ ਕੁਰਬਾਨ ਕਰ ਦਿੱਤਾ ਤੇ ਫਿਰ ਉਨਾਂ ਪਿਛੋਂ ਜਦ ਹੁਣ ਬੰਦਾ ਸਿੰਘ ਨੇ ਖ਼ਾਲਸੇ ਦੀ ਸਹਾਇਤਾ ਨਾਲ ਇਨ੍ਹਾਂ ਪਹਾੜੀਆਂ ਸਿਰੋਂ ਗੁਲਾਮੀ ਦੀ ਛੱਟ ਲਾਹ ਦਿੱਤੀ, ਇਹ ਪਹਾੜੀਏ ਘਟੀਆ ਫ਼ਿਤਰਤ ਕਾਰਨ ਸਿੰਘਾਂ ਦੇ ਦੋਖੀ ਹੀ ਬਣੇ ਰਹੇ। ਦਸਮੇਸ਼ ਜੀ ਦੇ ਸਮੇਂ ਅਤੇ ਹੁਣ ਵੀ ਇਹ ਦਿਲੋਂ ਮੁਗ਼ਲ ਸਰਕਾਰ ਦੇ ਹਾਮੀ ਸਨ, ਜਿਨ੍ਹਾਂ ਕਈ ਸਦੀਆਂ ਤੋਂ ਇਨ੍ਹਾਂ ਦੀਆਂ ਗਰਦਨਾਂ ਦੁਆਲੇ ਗੁਲਾਮੀ ਦਾ ਤੌਕ ਕਸਿਆ ਹੋਇਆ ਸੀ। ਬੁਜ਼ਦਿਲ, ਧੋਖਾ-ਬਾਜ਼ ਤੇ ਫਿਰ ਸਦੀਆਂ ਤੋਂ ਗੁਲਾਮ, ਉਨ੍ਹਾਂ ਤੋਂ ਕਿਸੇ ਚੰਗਿਆਈ ਭਲਾਈ ਦੀ ਕੀ ਆਸ! ਸਿੰਘਾਂ ਨੇ ਆਪਣੀ ਤਾਕਤ ਨਾਲ ਇਨ੍ਹਾਂ ਨਿਘਰਿਆਂ ਹੋਇਆਂ ਵਿਚਕਾਰ ਦਿਨ-ਕਟੀ ਕੀਤੀ। ਪਹਾੜਾਂ ਵਿਚ ਵੀ ਉਹ ਬਹੁਤਾ ਚਿਰ ਨਹੀਂ ਸਨ ਅਟਕ ਸਕਦੇ। ਪਹਾੜਾਂ ਵਿਚ ਮੈਦਾਨਾਂ ਜਿੰਨੀ ਖ਼ਾਧ ਖ਼ੁਰਾਕ ਨਹੀਂ ਹੁੰਦੀ। ਦਲਾਂ ਦੇ ਲੰਗਰ ਮੁੱਠਾਂ ਮਿਣ ਮਿਣ ਨਹੀਂ ਚਲ ਸਕਦੇ। ਲੜਨ ਵਾਲੇ, ਪੇਟ ਦੀ ਪੂਰਤੀ ਨਾਲ ਹੀ ਤਲਵਾਰਾਂ ਮਾਰ ਸਕਦੇ ਹਨ। ਭੁੱਖੇ ਭਗਤ ਵੀ ਮਾਲਾ ਵਗਾਹ ਮਾਰਦੇ ਹਨ। ਖ਼ਾਲੀ-ਪੇਟ ਮੈਦਾਨ ਵਿਚ ਜੂਝਣਾ ਬਹੁਤ ਕਠਨ ਹੈ।

**ਆਖ਼ਰ ਸਿੰਘ ਮੈਦਾਨ ਵੱਲ ਉਤਰ ਪਏ–**

ਦਰਿਆ ਮੂਹਰੇ ਬੰਨ੍ਹ ਲਾ ਕੇ ਉਸ ਦੇ ਵੇਗ ਨੂੰ ਸਦਾ ਲਈ ਠਲ੍ਹ ਸਕਣਾ ਕਤਈ ਅਸੰਭਵ ਹੈ। ਉਸ ਦਾ ਰੁਖ਼ ਬਦਲਿਆ ਜਾ ਸਕਦੈ, ਨਹਿਰਾਂ ਵਿਚ ਤੋਰਿਆ ਜਾ ਸਕਦੈ, ਪਰ ਬੰਨ੍ਹ ਪਿਛੇ ਕੈਦ ਨਹੀਂ ਰਖਿਆ ਜਾ ਸਕਦਾ। ਹੇਠਾਂ ਨਾਕੇ ਰੋਕੀ ਬੈਠੀ ਫ਼ੌਜ ਪਹਾੜਾਂ ਵਿਚ ਵਿਚਰਦੇ ਸਿੰਘਾਂ ਦੇ ਵੇਗ ਨੂੰ ਬਹੁਤੀ ਦੇਰ ਠਲ੍ਹ ਨਹੀਂ ਸੀ ਪਾ ਸਕਦੀ। ਡੇਰਾ ਬਾਬਾ ਬੰਦਾ ਸਿੰਘ ਵਾਲਾ ਟਿਕਾਣਾ ਛੱਡ ਕੇ, ਸੰਨ ੧੭੧੫ ਈ: ਦੇ ਅਰੰਭ ਵਿਚ ਬੰਦਾ ਸਿੰਘ ਜਮੂੰ ਵਲੋਂ ਮੈਦਾਨ ਵਿਚ ਆ ਨਿਕਲਿਆ 'ਤੇ ਕਲਾਨੌਰ ਵਲ ਨੂੰ ਸਿੱਧਾ ਹੋ ਪਿਆ। ਸਿੰਘਾਂ ਦੇ ਚੜ੍ਹ ਆਉਣ ਦੀਆਂ ਖ਼ਬਰਾਂ ਅਗਲ-ਵਾਢੀ ਪਹੁੰਚ ਚੁਕੀਆਂ ਸਨ। ਇਹ ਖ਼ਬਰਾਂ ਸੁਣ ਕੇ ਕਲਾਨੌਰ ਦੇ ਫ਼ੌਜਦਾਰ ਸੁਹਰਾਬ ਖਾਨ, ਉਸ ਦੇ ਕਾਨੂੰਗੋ ਸੰਤੋਖ ਰਾਏ ਅਤੇ ਕਾਨੂੰਗੋ ਦੇ ਭਰਾ ਅਨੋਖ ਰਾਏ ਆਦਿ ਨੇ ਆਪਣੀਆਂ ਫ਼ੌਜਾਂ ਤੋਂ ਬਿਨਾਂ ਝਟ ਆਪਣੇ ਗੁਆਂਢੀ ਪਰਗਣਿਆਂ ਚੋਂ, ਤਈਨਾਤ ਕੀਤੇ ਹੋਈ ਫ਼ੌਜੀ ਦਸਤੇ, ਚੋਖੀਆਂ ਵਾਹਰਾਂ, ਜਹਾਦੀਆਂ ਦੇ ਤੁੰਮਣ ਤੇ ਮੁਲਖੀਆਂ ਦੇ ਪਰ੍ਹਿਆਂ ਦੇ ਪਰ੍ਹੇ ਇਕੱਠੇ ਕਰ ਲਏ। ਸ਼ਹਿਰੋਂ ਅੱਗੇ ਵਧ ਕੇ ਪਹਾੜ ਤੇ ਚੜ੍ਹਦੇ-ਪਹਾੜ ਵਾਲੇ ਪਾਸੇ ਜਿਥੇ ਅਕਬਰ ਬਾਦਸ਼ਾਹ ਦੀ ਤਖ਼ਤ-ਨਸ਼ੀਨੀ ਦੀ ਯਾਦਗਾਰ ਬਣੀ ਹੋਈ ਹੈ, ਸਨੱਧ-ਬੱਧ ਲੜਾਕੂ ਮੁਸਲਮਾਨਾਂ ਤੇ ਹਿੰਦੂ ਵਫ਼ਾਦਾਰਾਂ ਦਾ ਸਮੁੰਦਰ ਠਾਠਾਂ ਮਾਰ ਰਿਹਾ ਸੀ। ਜੁਲਾਹੇ, ਅਰਾਂਈਂ, ਮੋਚੀ, ਤੇਲੀ, ਸੱਕੇ, ਗੁਜਰ, ਰੰਘੜ ਬੂਰੀ 'ਤੇ ਉਤਰੇ ਹੋਏ ਸਨ। ਮੁਲਾਣੇ ਇਨ੍ਹਾਂ ਭੂਤਰਿਆਂ ਲੋਕਾਂ ਵਿਚ ਫਿਰ ਫਿਰ ਕੇ ਹੌਸਲਾ ਦੇ ਰਹੇ ਤੇ ਜੋਸ਼ ਚੜ੍ਹਾ ਰਹੇ ਸਨ ਕਿ ਗ਼ਾਜ਼ੀਓ! ਹੁਣ



www.AKJ.Org

ਕਾਫ਼ਰਾਂ ਦੇ ਖ਼ਾਤਮੇ ਦੀ ਘੜੀ ਆ ਗਈ ਹੈ। ਅੱਜ ਭਲਕ ਇਸ ਅਰਜ਼ੇ ਪਾਕ (ਪਵਿੱਤਰ ਧਰਤੀ) ਨੂੰ ਕਾਫ਼ਰਾਂ ਦੇ ਮਨਹੂਸ ਵਜੂਦਾਂ ਤੋਂ ਪਾਕ ਕਰ ਕੇ ਅੱਲਃ ਮੀਆਂ ਦੀ ਖ਼ੁਸ਼ਨੂਦੀ ਤੇ ਸਵਾਬ ਹਾਸਿਲ ਕਰੋ, ਬਾਦਸ਼ਾਹ ਤੋਂ ਮਰਤਬੇ ਪਾਉ। ਆ ਰਹੇ ਗਿਣਤੀ ਦੇ ਕਾਫ਼ਰ ਤੁਹਾਡੇ ਇਸਲਾਮੀ ਯਲਗਾਰ ਨੂੰ ਵੇਖ ਕੇ ਹਵਾਸ-ਬਾਖ਼ਤਾ ਹੋ ਜਾਣਗੇ। ਬੱਸ ਫਿਰ ਮੂਲੀ ਗਾਜਰ ਵਾਂਗ ਕੱਟ ਧਰਿਓ। ਸਾਰਾ ਮਾਲੇ ਗ਼ਨੀਮਤ ਤੁਹਾਡਾ। ਦੁਸ਼ਮਣ ਤੇ ਛਾ ਜਾਓ। ਖ਼ੁਲਦ ਨਸ਼ੀਨ (ਸਵਰਗ-ਵਾਸੀ) ਬਾਦਸ਼ਾਹ ਬਹਾਦਰ ਸ਼ਾਹ ਦੀ ਰੂਹ ਨੂੰ ਬੜੀ ਭਾਰੀ ਤਸਕੀਨ ਮਿਲੇਗੀ। ਕਾਫ਼ਰਾਂ ਦਾ ਸਫ਼ਾਇਆ ਕਰ ਕੇ ਇਸਲਾਮ ਦਾ ਵਾਧਾ ਕਰੋ। ਨਾਲ ਨਾਲ ਗਾਜ਼ੀਆਂ ਦੇ ਡੌਲਿਆਂ ਤੇ ਇਮਾਮ-ਜ਼ਮਨ ਬੰਨ੍ਹੇ, ਤਅਵੀਜ਼ ਲਿਖ ਕੇ ਦਿੱਤੇ, ਹੈਦਰੀ ਝੰਡਿਆਂ ਤੇ ਕੁਰਾਨ ਦੀਆਂ ਆਇਤਾਂ ਲਿਖੀਆਂ ਤੇ ਦੁਆਈਂ ਪੜ੍ਹ ਕੇ ਲਸ਼ਕਰ ਤੇ ਦਮ ਫੂਕੇ ਗਏ, ਹਰ ਤਰ੍ਹਾਂ ਭਰੋਸਾ ਦਿਵਾਇਆ ਗਿਆ ਕਿ ਅੱਲਾ ਮੀਆਂ ਦੀ ਗ਼ੈਬੀ ਤਾਕਤ ਮੋਮਨਾਂ ਦੀ ਮਦਤ ਤੇ ਹੈ। ਜਹਾਦੀ ਬੜੇ ਜੋਸ਼-ਖਰੋਸ਼ ਨਾਲ ਚੜ੍ਹੇ ਆ ਰਹੇ ਕਾਫ਼ਰਾਂ ਨੂੰ ਉਡੀਕਣ ਲੱਗੇ।

**ਸਿੰਘਾਂ ਆਣ ਦਰਸ਼ਨ ਦਿੱਤੇ–**

ਕਲਾਨੌਰ ਦਾ ਫ਼ੌਜਦਾਰ ਸੁਹਰਾਬ ਖ਼ਾਨ ਤੇ ਉਸ ਦਾ ਕਾਨੂੰਗੋ ਸੰਤੋਖ ਰਾਏ ਆਪਣੀ ਹੋਣ ਵਾਲੀ ਜਿਤ ਦੀ ਖ਼ੁਸ਼ੀ ਵਿਚ ਫੂਲੇ ਨਹੀਂ ਸਨ ਸਮਾਉਂਦੇ ਕਿ ਮੁਗ਼ਲ ਰਾਜ ਦੀ ਮਹਾਨ ਫਤਹ ਦਾ ਸਿਹਰਾ ਉਨ੍ਹਾਂ ਸਿਰ ਬਝਣ ਹੀ ਵਾਲਾ ਹੈ। ਉਨ੍ਹਾਂ ਕਲਪਨਾ ਵਿਚ ਦਿਸਦੀ ਜਿਤ ਦੇ ਨਸ਼ੇ ਵਿਚ ਗ਼ਾਜ਼ੀਆਂ ਨੂੰ ਇਥੋਂ ਤਕ ਭਰੋਸਾ ਦੇ ਦਿਤਾ ਸੀ ਕਿ ਏਡੇ ਵੱਡੇ ਇਸਲਾਮੀ ਲਸ਼ਕਰ ਦੇ ਸਾਹਮਣੇ ਮੁਠੀ ਭਰ ਸਿੱਖਾਂ ਦੀ ਕੀ ਔਕਾਤ ਹੋਵੇਗੀ। ਤੁਹਾਨੂੰ ਸਾਰਿਆਂ ਨੂੰ ਹਥਿਆਰ ਚੁਕਣ ਦਾ ਮੌਕਾ ਹੀ ਨਹੀਂ ਮਿਲਣਾ ਕਿ ਮੈਦਾਨ ਵਿਚ ਅਗਲੀਆਂ ਸਫ਼ਾਂ ਦੇ ਸੂਰਮਿਆਂ ਨੇ ਕਾਫ਼ਰਾਂ ਨੂੰ ਬੋਟੀ ਬੋਟੀ ਕਰ ਛਡਣਾ ਹੈ। ਕਿਸੇ ਦੇ ਨੇਜ਼ੇ, ਤਲਵਾਰ, ਤਬਰ ਜਾਂ ਤੀਰ ਨੂੰ ਸਿਖ ਕਾਫ਼ਰ ਦਾ ਖ਼ੂਨ ਲੱਗੇ ਜਾਂ ਨਾ, ਪਰ ਸਵਾਬ ਹਰ ਇਕ ਨੂੰ ਬਰਾਬਰ ਦਾ ਹੀ ਮਿਲੇਗਾ। ਸਾਰਾ ਇਕੱਠ ਇਸ ਕਿਸਮ ਦੀ ਖ਼ੁਸ਼-ਫ਼ਹਿਮੀ ਤੇ ਖ਼ੁਸ਼-ਗਪੀਆਂ ਵਿਚ ਮਸਤ ਝੂਮ ਰਿਹਾ ਸੀ।

ਬੰਦਾ ਸਿੰਘ ਦੀ ਕਮਾਨ ਥਲੇ ਸਿੰਘਾਂ ਕਦੋਂ ਦਰਿਆ ਰਾਵੀ ਪਾਰ ਕੀਤਾ, ਕਿਸੇ ਸੂਹੀਏ ਨੂੰ ਪਤਾ ਨਹੀਂ ਲੱਗਾ। ਇਨ੍ਹਾਂ ਦੀ ਗਿਣਤੀ ਗ਼ਾਜ਼ੀਆਂ ਦੇ ਮੁਕਾਬਲੇ ਤੇ ਬਹੁਤ ਥੋੜੀ ਸੀ। ਇਹ ਆਏ ਵੀ ਦਰਿਆ ਦੀ ਕਾਂਢੜ ਦੇ ਨਾਲ ਨਾਲ। ਉਨ੍ਹਾਂ ਨੂੰ ਖ਼ਬਰ ਮਿਲ ਚੁਕੀ ਸੀ ਕਿ ਉਨ੍ਹਾਂ ਦੀ ਕਲਾਨੌਰੋਂ ਬਾਹਰ ਬੜੀ ਬੇਤਾਬੀ ਨਾਲ ਉਡੀਕ ਹੋ ਰਹੀ ਹੈ ਤੇ ਉਡੀਕਵਾਨ ਸ਼ਹਿਰ ਦੇ ਕਿਸ ਪਾਸੇ ਉਨ੍ਹਾਂ ਦੇ ਸਵਾਗਤ ਲਈ ਤਿਆਰ ਬੈਠੇ ਹਨ। ਕਣਕਾਂ ਦੀ ਭਰਪੂਰ ਫ਼ਸਲ ਅੱਧ-ਕੱਚੀ ਖੇਤਾਂ ਵਿਚ ਖੜੀ ਸੀ। ਕਿਸੇ ਧੂੜ ਉਡਦੀ ਜਾਂ ਪੌੜਾਂ ਦੀ ਟਾਪ ਨਹੀਂ ਸੁਣੀ। ਪਹਾੜ ਵਾਲੇ ਪਾਸਿਓਂ ਸਿਖ ਨੇਜ਼ਾ-ਬਰਦਾਰ ਐਸੀ ਫੁਰਤੀ ਨਾਲ ਪਏ ਕਿ ਅਗਲੀਆਂ ਸਫ਼ਾਂ ਦੇ ਖੜਾ ਹੋਣ ਤੋਂ ਪਹਿਲਾਂ ਹੀ ਘਾਣ ਲੱਥ ਗਏ। ਤਲਵਾਰਾਂ, ਨੇਜ਼ਿਆਂ ਦੀ ਪਹਿਲੀ ਹੀ ਸੱਟ ਪਈ ਸੀ ਕਿ ਪਿਛਲੇ ਸਭ ਭਜ ਨਿਕਲੇ ਤੇ ਤੇਜ਼ ਤੂਫ਼ਾਨ ਮੂਹਰੇ ਸੁੱਕੇ ਪੱਤਿਆਂ ਤੇ ਕਖਾਂ ਕਾਨਾਂ ਵਾਂਗ ਉਡ ਪੁਡ ਗਏ। ਨਾ ਕੋਈ ਧੀਰਜ ਧਰਾਉਣ ਵਾਲਾ ਨਾ ਧੀਰਜ ਧਰਨ ਵਾਲਾ। ਮੁਲਾਣੇ, ਜੋ ਅੱਲਾ ਮੀਆਂ ਨੂੰ ਆਪਣੇ ਵਲੋਂ ਘੇਰ ਕੇ ਜਹਾਦੀਆਂ ਦੀ ਪਿਠ ਤੇ ਮਦਦ ਲਈ ਲਿਆਏ ਸਨ, ਅੱਲਾ ਸਾਹਿਬ ਨੂੰ ਹੀ ਛੱਡ ਕੇ ਕਿਧਰੇ ਨਜ਼ਰ ਨਾ ਆਏ। ਜੋ ਪਹਿਲੀ ਸੱਟ ਤੇ ਹੀ ਭਜ ਨਿਕਲੇ, ਉਨ੍ਹਾਂ ਦੀ ਮਦਦ ਕੌਣ ਕਰੇ। ਮੱਕਾਰ ਮੁਲਾਣੇ ਇਹ ਭੁਲ ਗਏ ਕਿ ਅੱਲਾ ਮੀਆਂ ਸਭਨਾਂ ਦਾ ਸਾਂਝਾ ਹੈ, ਤੁਅਸਬ, ਮੱਕਾਰੀ ਤੇ ਜ਼ੁਲਮ ਉਸ ਨੂੰ ਪਸੰਦ ਨਹੀਂ, ਉਹ ਜਨੂੰਨੀ ਮੁਲਾਣਿਆਂ ਦਾ ਜ਼ਰ-ਖ਼ਰੀਦ ਗ਼ੁਲਾਮ ਨਹੀਂ, ਸਗੋਂ ਕੁਲ ਦਾ ਮਾਲਿਕ ਹੈ, ਸਿੱਖਾਂ ਨੂੰ ਉਹ ਤੇ ਉਸ ਨੂੰ ਸਿਖ ਵੀ ਉਸ ਤਰ੍ਹਾਂ ਹੀ ਪਿਆਰੇ ਹਨ ਜਿਵੇਂ ਉਸ ਦੀ ਦੂਜੀ ਮਖ਼ਲੂਕ। ਸਿੰਘਾਂ ਦੇ ਸਾਹਮਣੇ ਜੋ ਅੜ ਕੇ ਪਹਿਲੀ ਸੱਟ ਨਹੀਂ ਝੱਲ ਸਕਿਆ, ਉਨ੍ਹਾਂ ਅੱਗੇ ਲੱਗ ਕੇ ਕੋਈ ਕਿੰਨਾ ਕੁ ਭੱਜ ਸਕਦੈ ਤੇ ਨਿਕਲ ਕਿਧਰ ਜਾਵੇਗਾ ? ਬਚਿਆ ਸਿਰਫ਼ ਉਹੋ, ਜਿਸ ਨੇ ਸਿੰਘਾਂ ਦੀ ਖੋ ਨੂੰ ਸਮਝਦਿਆਂ ਹਥਿਆਰ ਸੁੱਟ ਕੇ ਬਾਹੀਂ ਖੜੀਆਂ ਕਰ ਜਾਨ-ਬਖ਼ਸ਼ੀ



www.AKJ.Org

ਕਰਵਾ ਲਈ। ਘੋੜ-ਸਵਾਰ ਸ਼ਾਹੀ ਫ਼ੌਜ ਤੇ ਗਾਜ਼ੀ ਉਨ੍ਹਾਂ ਦਾ ਖ਼ਾਸ ਨਿਸ਼ਾਨਾ ਸਨ, ਕਿਉਂਕਿ ਸਿੰਘਾਂ ਨੂੰ ਘੋੜੇ ਲੋੜੀਦੇ ਸਨ। ਇਮਾਮ ਜ਼ਾਮਨ ਵੀ ਸੂਰਮਿਆਂ ਡੌਲਿਆਂ ਨਾਲੋਂ ਤੇ ਤਅਵੀਜ਼ ਗਲੋਂ ਤੋੜ ਤੋੜ ਸੁਟੇ, ਮਤੇ ਸਿਖ ਵੇਖ ਕੇ ਹੋਰ ਰੋਹ ਵਿਚ ਆ ਜਾਣ। ਪਲ ਭਰ ਵਿਚ ਮੈਦਾਨ ਵੇਹਲਾ ਹੋ ਗਿਆ। ਜਹਾਦੀਆਂ ਦੀ ਬੁਰੀ ਮੰਦੀ ਹਾਲਤ ਹੋਈ। ਖ਼ੁਦ ਸੁਹਰਾਬ ਖ਼ਾਨ, ਸੰਤੋਖ ਰਾਏ ਤੇ ਅਨੋਖ ਰਾਏ ਬੜੀ ਮੁਸ਼ਕਲ ਨਾਲ ਆਪਣੀਆਂ ਜਾਨਾਂ ਲੈ ਕੇ ਮੈਦਾਨੋਂ ਨਿਕਲ ਗਏ ਤੇ ਕਲਾਨੌਰ ਸਿੰਘਾਂ ਦੇ ਹੱਥ ਆ ਗਿਆ। ਬਹੁਤ ਸਾਰੇ ਘੋੜੇ, ਹਥਿਆਰ ਤੇ ਹੋਰ ਸਾਜ਼ ਸਾਮਾਨ ਉਨ੍ਹਾਂ ਦੇ ਕਬਜ਼ੇ ਵਿਚ ਆ ਗਿਆ। ਬੰਦਾ ਸਿੰਘ ਨੇ ਕਲਾਨੌਰ ਵਿਚ ਆਪਣਾ ਠਾਣਾ ਬਿਠਾ ਦਿੱਤਾ ਤੇ ਸ਼ਹਿਰ ਦੀ ਰਾਖੀ ਤੇ ਸੰਭਾਲ ਲਈ ਕੁਝ ਸਵਾਰ ਤੇ ਪਿਆਦੇ ਇਥੇ ਨਿਯੁਕਤ ਕਰ ਦਿਤੇ। ਸੁਹਰਾਬ ਖ਼ਾਨ, ਸੰਤੋਖ ਰਾਏ ਤੇ ਅਨੋਖ ਰਾਏ ਐਸੇ ਮੈਦਾਨੋਂ ਨੱਸੇ ਕਿ ਮੁੜ ਵਾਪਸ ਕਲਾਨੌਰ ਨੂੰ ਛੁਡਾਉਣ ਲਈ ਇਸ ਪਾਸੇ ਮੂੰਹ ਨਾ ਕੀਤਾ। ਜੇ ਕੋਈ ਮੁਲਾਣਾ ਬਚਿਆ, ਡਿਗਦਾ ਢਹਿੰਦਾ ਜਿਧਰ ਸਿੰਗ ਸਮਾਏ, ਨਿਕਲ ਗਿਆ।

ਕਲਾਨੌਰ ਦਾ ਅੜਿੱਕਾ ਕੱਢ ਕੇ ਸਿੰਘ ਬਟਾਲੇ ਵਲ ਉੱਲਰ ਪਏ। ਇਥੇ ਮੁਹੰਮਦ ਦਾਇਮ ਫ਼ੌਜਦਾਰ ਸੀ। ਉਹ ਆਪਣੀ ਫ਼ੌਜ ਤੇ ਬਟਾਲੇ ਦੇ ਬਹੁਤ ਸਾਰੇ ਚੋਣਵੇਂ ਲੜਕੇ ਮੁਸਲਮਾਨ ਗੱਭਰੂਆਂ ਨੂੰ ਲੈ ਕੇ ਬਟਾਲਿਉਂ ਬਾਹਰ, ਸਿੰਘਾਂ ਦੇ ਟਾਕਰੇ ਲਈ ਆਇਆ। ਦੋ ਪਹਿਰ ਬੜੀ ਖ਼ੂਨ-ਡੋਲ੍ਹਵੀਂ ਲੜਾਈ ਹੋਈ। ਦੋਹਾਂ ਧਿਰਾਂ ਦਾ ਹੀ ਬੜਾ ਨੁਕਸਾਨ ਹੋਇਆ। ਬਟਾਲੇ ਦੇ ਪੁਰਾਣੇ ਮੁਸਲਮਾਨ ਖ਼ਾਨਦਾਨਾਂ ਦੇ ਕਈ ਬੰਦੇ ਮਾਰੇ ਗਏ। ਗਿਣਤੀ ਵਿਚ ਬਹੁਤ ਜ਼ਿਆਦਾ ਹੋਣ ਕਰਕੇ ਮੁਸਲਮਾਨ ਸੂਰਮੇ ਹਿਛ ਹਿਛ ਕੇ ਗਲ ਪਏ, ਪਰ ਸਿੰਘਾਂ ਦੇ ਟਾਕਰੇ ਵਿਚ ਕੋਈ ਵੀ ਜ਼ਿਮੀਦਾਰ ਜਾਂ ਫ਼ੌਜੀ ਕਮਾਂਡਰ ਅੜ ਨਾ ਸਕਿਆ। ਮੁਸਲਮਾਨ ਫ਼ੌਜ ਨੂੰ ਬੁਰੀ ਤਰ੍ਹਾਂ ਹਾਰ ਹੋਈ ਤੇ ਫ਼ੌਜਦਾਰ ਮੁਹੰਮਦ ਦਾਇਮ ਦਿਲ ਛਡ ਕੇ ਮੈਦਾਨੋਂ ਭੱਜ ਨਿਕਲਿਆ ਅਤੇ ਆਪਣੇ ਘਰ ਭਰੋਵਾਲ ਜਾ ਦਮ ਲਿਆ। ਬਟਾਲੇ ਅਤੇ ਇਸ ਦੇ ਇਰਦ ਗਿਰਦ ਉਤੇ ਸਿੰਘਾਂ ਦਾ ਕਬਜ਼ਾ ਹੋ ਗਿਆ। ਬਹੁਤ ਸਾਰੇ ਮੁਸਲਮਾਨ ਲੋਕ, ਕੀ ਅਮੀਰ ਕੀ ਗਰੀਬ, ਬਟਾਲੇ ਤੇ ਇਰਦ ਗਿਰਦ ਦੇ ਪਿੰਡਾਂ ਵਿਚ ਆਪਣੇ ਘਰ ਘਾਟ ਛੱਡ ਕੇ ਆਲੇ ਦੁਆਲੇ ਦੇ ਦੂਰ ਦੁਰਾਡੇ ਪਿੰਡਾਂ ਵਿਚ ਆਪਣੇ ਸਾਕਾਂ ਸੰਬੰਧੀਆਂ ਪਾਸ ਜਾ ਟਿਕੇ। ਕਈ ਲਾਹੌਰ ਨੂੰ ਚਲੇ ਗਏ ਅਤੇ ਜਿਨ੍ਹਾਂ ਨੂੰ ਆਸ ਪਾਸ ਕੋਈ ਠਾਹਰ ਨਹੀਂ ਸੀ ਮਿਲਦੀ, ਉਹ ਜਾਂ ਤਾਂ ਪਠਾਨਕੋਟ ਵਲ ਦੀ ਹੋ ਕੇ ਚੰਬੇ ਦੀਆਂ ਪਹਾੜੀਆਂ ਵਲ ਚਲੇ ਗਏ ਜਾਂ ਬਿਆਸ ਦਰਿਆ ਟੱਪ ਕੇ ਹੁਸ਼ਿਆਰਪੁਰ ਜ਼ਿਲੇ ਵਿਚ ਦਸੂਹੇ ਮਕੇਰੀਆਂ ਵਲ ਨੂੰ ਮੂੰਹ ਕਰ ਗਏ ਤੇ ਦਿਨ-ਕਟੀ ਕਰਨ ਲੱਗੇ।

ਕਲਾਨੌਰ ਤੇ ਬਟਾਲੇ ਦੇ ਮਾਰੇ ਜਾਣ ਦੀ ਖ਼ਬਰ ਦਿੱਲੀ ਫ਼ਰੁੱਖ-ਸੀਅਰ ਪਾਸ ੧੪ ਮਾਰਚ ੧੭੧੫ (੧੯ ਰਬੀਅ-ਉਲ-ਅੱਵਲ, ੧੧੨੭ ਹਿਜਰੀ, ਸੰਨ ੪ ਫ਼ਰੁੱਖ਼ਸੀਅਰੀ) ਨੂੰ ਪੁਜੀ। ਇਸ ਵਿਚ ਤਹਿਰੀਰ ਹੈ ਕਿ ਬੰਦਾ ਸਿੰਘ ਨੇ ਇਕ ਤਕੜੀ ਫ਼ੌਜ ਨਾਲ ਕਲਾਨੌਰ, ਬਟਾਲਾ ਤੇ ਰਾਏਪੁਰ ਮਾਰ ਲਏ ਹਨ ਅਤੇ ਕੋਈ ਫ਼ੌਜਦਾਰ ਅਤੇ ਥਾਣੇਦਾਰ ਸਿੱਖਾਂ ਨੂੰ ਰੋਕਣ ਲਈ ਨਹੀਂ ਪੁਜਾ। ਅਬਦੁੱਸਮਦ ਖ਼ਾਨ ਗਵਰਨਰ ਲਾਹੌਰ ਭਟੀਆਂ ਦਾ ਫ਼ਸਾਦ ਮਿਟਾਉਣ ਲਈ ਲਖੀ ਜੰਗਲ ਵਲ ਗਿਆ ਹੋਇਆ ਹੈ। ਬਾਦਸ਼ਾਹ ਬੜਾ ਤਲਖ਼ ਹੋਇਆ ਕਿ ਪੰਜਾਬ ਵਿਚ ਇਹੋ ਜਿਹੀ ਉੱਥਲ ਪੁਥੱਲ ਹੋ ਜਾਵੇ ਤੇ ਮੁਗਲ ਹਾਕਿਮ ਦੇ ਕੰਨ ਤੇ ਜੂੰ ਨਾ ਸਰਕੇ। ਉਸ ਨੇ ਬਖ਼ਸ਼ੀ-ਉਲ-ਮੁਲਕ ਮੁਹੰਮਦ ਉਮੀਨ ਖਾਨ ਨੂੰ ਹੁਕਮ ਦਿਤਾ ਕਿ ਅਬਦੁੱਸਮਦ ਖਾਨ ਨੂੰ ਫ਼ੌਰਨ ਲਿਖੇ ਕਿ ਜਿਥੇ ਕਿਤੇ ਵੀ ਹੋਵੇ, ਹੱਥਲਾ ਕੰਮ ਛੱਡ ਕੇ ਛੇਤੀ ਹੀ ਬੰਦਾ ਸਿੰਘ ਨੂੰ ਸੋਧਣ ਲਈ ਜਾਵੇ। ਅਗਲੇ ਦਿਨ ੧੫ ਮਾਰਚ (੨੦ ਰਬੀਅ-ਉਲ-ਅੱਵਲ) ਨੂੰ ਮੁਰਾਦਾਬਾਦ ਵਲ ਮਦਾਰ! ਨਾਮੀ ਬਾਗ਼ੀ ਜਿਸਨੇ ਇਸ ਪਾਸੇ ਬੜਾ ਫਸਾਦ ਖੜਾ ਕੀਤਾ ਹੋਇਆ ਸੀ, ਦੇ ਵਿਰੁਧ ਗਏ ਹੋਏ ਕਮੁਰੁਦੀਨ ਖਾਨ ਦੇ ਨਾਉਂ ਫ਼ੁਰਮਾਨ ਭੇਜਿਆ ਕਿ ਫੌਜ ਸਮੇਤ ਛੇਤੀ ਤੋਂ ਛੇਤੀ ਬਦਾ ਸਿੰਘ ਦੇ ਵਿਰੁਧ ਪੰਜਾਬ ਵਲ ਚਲਾ ਜਾਵੇ ਤੇ ਅਬਦੁੱਸਮਦ ਖਾਨ ਨਾਲ ਮੇਲ ਕਰਕੇ ਸਿਖ ਆਗੂ ਨੂੰ ਮਾਰ ਮੁਕਾਇਆ ਜਾਵੇ, ਜਾਂ ਜੇ ਹੋ ਸਕੇ ਤਾਂ ਜ਼ਿੰਦਾ ਫੜ ਕੇ ਦਿਲੀ ਲਿਆਂਦਾ ਜਾਵੇ। ਇਸਦੇ ਨਾਲ ਹੀ ਅਫ਼ਰਾਸਿਆਬ ਖਾਨ ਨੂੰ ਹੁਕਮ ਹੋਇਆ ਕਿ ਪੰਜਾਬ ਵਲ ਕੂਚ ਕਰਨ ਲਈ ਤਿਆਰ ਹੋ ਜਾਏ। ਬੰਦਾ ਸਿੰਘ ਦੀ ਤਾਕਤ ਦਾ ਮੁਗਲਾਂ ਦੇ ਦਿਲ



www.AKJ.Org

ਤੇ ਏਨਾ ਭੈ ਬੈਠਾ ਹੋਇਆ ਸੀ ਕਿ ਬਾਦਸ਼ਾਹ ਉਸ ਨੂੰ ਬੜੀ ਵੱਡੀ ਤਾਕਤ ਸਮਝ ਕੇ ਜਿੰਨੀ ਵੀ ਪ੍ਰਾਪਤ ਹੋ ਸਕੇ, ਸਾਰੀ ਫੌਜ ਝੋਕ ਦੇਣਾ ਚਾਹੁੰਦਾ ਸੀ। ਇਹੋ ਕਾਰਨ ਸੀ ਕਿ ਰਾਜਾ ਉਦਿਤ ਸਿੰਘ, ਰਾਜਾ ਗੁਪਾਲ ਸਿੰਘ ਭਦਾਵੜੀਆ, ਮੁਜ਼ੱਫਰ ਖਾਨ ਅਤੇ ਰਾਜਾ ਦਲਪਤ ਬੁੰਦੇਲੇ ਦੇ ਪੁੱਤਰ ਪ੍ਰਿਥੀ ਚੰਦ ਆਦਿ ਨੂੰ ਫੌਜਾਂ ਤਿਆਰ ਕਰਨ ਦੇ ਹੁਕਮ ਦੇ ਦਿਤੇ।

**ਮੁਗਲ ਫ਼ੌਜਾਂ ਦਾ ਗੁਰਦਾਸ ਨੰਗਲ ਦੁਆਲੇ ਲੰਮਾ ਘੇਰਾ–**

ਕਲਾਨੌਰ, ਬਟਾਲੇ ਤੇ ਰਾਏਪੁਰ ਪਿਛੋਂ ਲਾਹੌਰ ਨੂੰ ਲੱਗਦੇ ਹੱਥ ਮਾਰਨਾ ਬੰਦਾ ਸਿੰਘ ਨੇ ਨਿਸ਼ਾਨਾ ਮਿਥਿਆ ਹੋਇਆ ਸੀ। ਜਿਤੇ ਹੋਏ ਇਲਾਕੇ ਸੰਭਾਲਣ ਲਈ ਕਾਫੀ ਸਿੰਘਾਂ ਨੂੰ ਪਿਛੇ ਛਡਣਾ ਪਿਆ। ਸਿੰਘਾਂ ਦੀ ਗਿਣਤੀ ਪਹਿਲਾਂ ਹੀ ਘਟ ਸੀ ਤੇ ਜਿੰਨੇ ਉਸ ਪਾਸ ਬਚੇ, ਇਨ੍ਹਾਂ ਨਾਲ ਲਾਹੌਰ ਉਤੇ ਕਬਜ਼ਾ ਕਰ ਕੇ ਉਸ ਨੂੰ ਪੰਜੇ ਵਿਚ ਰਖ ਸਕਣਾ ਕਈ ਸੌਖੀ ਗੱਲ ਨਹੀਂ ਸੀ। ਇਹ ਨਿਰਣਾ ਲਿਆ ਕਿ ਤਾਕਤ ਅਜੇ ਹੋਰ ਵਧਾਈ ਜਾਵੇ। ਜੇ ਦਿਲੀ ਵਲੋਂ ਫੌਜਾਂ ਆਉਣ ਤਾਂ ਲਾਜ਼ਮੀ ਲਾਹੌਰੀ ਫੌਜ ਉਨ੍ਹਾਂ ਨਾਲ ਰਲ ਕੇ ਉਸ ਵਿਰੁਧ ਕਾਰਵਾਈ ਕਰੇਗੀ, ਇਸ ਲਈ ਮੈਦਾਨ ਵਿਚ ਕੋਈ ਸੁਰੱਖਿਅਤ ਗੜ੍ਹ ਬਣਾ ਲਿਆ ਜਾਵੇ। ਲਾਹੌਰ ਵਲ ਵਧਣ ਤੋਂ ਪਹਿਲਾਂ ਉਸ ਨੇ ਬਟਾਲੇ ਲਾਗੇ ਮਿਰਜ਼ਾ ਜਾਨ ਪਿੰਡ ਪਾਸ ਇਕ ਗੜ੍ਹੀ ਤਿਆਰ ਕਰਾਉਣ ਦੀ ਵਿਉਂਤ ਬਣਾ ਕੇ ਉਸ ਦੀ ਬੁਨਿਆਦ ਦੁਆਲੇ ਖਾਈ ਤੇ ਰੋਕਾਂ ਬੰਨ੍ਹਣ ਦਾ ਕੰਮ ਆਰੰਭ ਕਰ ਦਿਤਾ ਸੀ।

ਜਦ ਬੰਦਾ ਸਿੰਘ ਆਪਣੇ ਸਿੰਘਾਂ ਨੂੰ ਲੈ ਕੇ, ਪਹਾੜਾਂ ਤੋਂ ਉੱਤਰ ਕੇ, ਮੁੜ ਪੰਜਾਬ ਵਿਚ ਆ ਨਿਕਲਿਆ ਤਾਂ ਉਨ੍ਹਾਂ ਦੀਆਂ ਜਿੱਤਾਂ ਦੀਆਂ ਖਬਰਾਂ ਲਗਾਤਾਰ ਦਿਲੀ ਪੁਜਣ ਲਗ ਪੈਣ ਨਾਲ ਫ਼ਰੁੱਖ਼-ਸੀਅਰ ਬੌਖਲਾ ਉਠਿਆ ਅਤੇ ਸ਼ਾਹੀ ਦਰਬਾਰ ਤੇ ਅਮੀਰਾਂ ਵਜ਼ੀਰਾਂ ਵਿਚ ਤਰਥਲੀ ਮੱਚ ਗਈ। ਜਦ ਕਲਾਨੌਰ, ਬਟਾਲਾ ਤੇ ਰਾਏਪੁਰ ਮਾਰੇ ਜਾ ਰਹੇ ਸਨ ਤਾਂ ਲਾਹੌਰ ਦਾ ਗਵਰਨਰ (ਨਾਜ਼ਿਮ) ਅਬਦੁੱਸਮਦ ਖਾਨ ਵੀ ਲਾਹੌਰ ਹੀ ਬੈਠਾ ਰਿਹਾ। ਉਸ ਤੋਂ ਏਨੀ ਵੀ ਨਾ ਸਰੀ ਕਿ ਲਾਹੌਰੋਂ ਅਗੇ ਵਧ ਕੇ ਕਲਾਨੌਰ ਜਾਂ ਬਟਾਲੇ ਨੂੰ ਬਚਾਵੇ। ਸੰਭਵ ਹੈ ਕਿ ਬੰਦਾ ਸਿੰਘ ਨਾਲ ਸਿਧੀ ਟੱਕਰ ਲੈਣੋਂ ਡਰਦਾ ਹੋਵੇ। ਸ਼ਾਇਦ ਕੋਈ ਹੋਰ ਗੱਲ ਉਸ ਦੇ ਦਿਲ ਵਿਚ ਹੋਵੇ, ਕੁਝ ਵੀ ਰਿਕਾਰਡ ਤੇ ਨਹੀਂ ਹੈ। ਹਾਂ ਇਸ ਵੇਲੇ ਲਖੀ ਜੰਗਲ ਦੇ ਇਲਾਕੇ ਵਿਚ ਭੱਟੀ ਜ਼ਿਮੀਦਾਰਾਂ ਨੇ ਕੁਝ ਗੜਬੜ ਮਚਾਈ ਹੋਈ ਸੀ, ਜਿਸ ਕਰਕੇ ਉਹ ਫੌਜ ਲੈ ਕੇ ਲਾਹੌਰੋਂ ਦੂਰ ਦਰਾਜ਼ ਦਖਣ ਵਲ ਨੂੰ ਤੁਰ ਗਿਆ। ਇਹ ਭੱਟੀ ਜ਼ਿਮੀਦਾਰ ਕੋਈ ਐਸੀ ਤਾਕਤ ਦੇ ਮਾਲਿਕ ਨਹੀਂ ਸਨ ਜਿਨ੍ਹਾਂ ਦੇ ਵਿਰੁਧ ਲਾਹੌਰ ਦਾ ਸੂਬੇਦਾਰ ਆਪ ਮੁਹਿੰਮ ਲੈ ਕੇ ਜਾਂਦਾ। ਇਹ ਤਾਂ ਇਕ ਨਿੱਕੇ ਜਿਹੇ ਦਸਤੇ ਦੀ ਮਾਰ ਸਹਿਣ ਜੋਗੇ ਵੀ ਨਹੀਂ ਸਨ। ਅਸਲ ਤਾਕਤ ਤਾਂ ਬੰਦਾ ਸਿੰਘ ਸੀ, ਜਿਸ ਤੋਂ ਮੁਗਲ ਰਾਜ ਨੂੰ ਖ਼ਤਰਾ ਸੀ। ਅਚੰਭਾ ਹੁੰਦੈ ਕਿ ਸੂਬੇਦਾਰ ਲਾਹੌਰ ਨੇ ਅਸਲ ਤੇ ਵੱਡੇ ਦੁਸ਼ਮਣ ਨੂੰ ਅਖੋਂ ਪਰੋਖੇ ਕਰ ਕੇ ਇਕ ਮਾੜੂਏ ਜਿਹੇ ਦੁਸ਼ਮਣ ਵਲ ਰੁਖ਼ ਕਿਉਂ ਕੀਤਾ ? ਬਾਦਸ਼ਾਹ ਨੂੰ ਜਦ ਸੂਬੇਦਾਰ ਦੀ ਇਸ ਸੈਰੋ ਤਫ਼ਰੀਹ ਦਾ ਪਤਾ ਲਗਾ ਤਾਂ ਉਸਨੂੰ ਇਹ ਬਹੁਤ ਨਾਗਵਾਰ ਗੁਜ਼ਰੀ ਤੇ ਜਦ ਫਿਰ ਬੰਦਾ ਸਿੰਘ ਦੇ ਕਲਾਨੌਰ, ਰਾਏਪੁਰ ਅਤੇ ਬਟਾਲਾ ਨੂੰ ਮਾਰ ਲੈਣ ਦੀ ਖ਼ਬਰ ਫ਼ਰੁੱਖ਼-ਸੀਅਰ ਨੂੰ ੧੪ ਮਾਰਚ ਨੂੰ ਦਿਲੀ ਪੁਜੀ ਤਾਂ ਉਹ ਤਿਲਮਿਲਾ ਉਠਿਆ ਤੇ ਅਬਦੁਸੱਮਦ ਖਾਨ ਨੂੰ ਤਾੜਨਾ ਦੀ ਚਿਠੀ ਲਿਖਵਾਈ ਅਤੇ ਹੁਕਮ ਦਿਤਾ ਕਿ ਉਹ ਜਿਥੇ ਕਿਧਰੇ ਭੀ ਹੋਵੇ, ਤੁਰੰਤ ਬੰਦਾ ਸਿੰਘ ਦੇ ਵਿਰੁਧ ਚਲਾ ਜਾਵੇ। ਇਸ ਦੇ ਨਾਲ ਹੀ ਜਿਵੇਂ ਪਿਛਲੇ ਪੈਰੇ ਵਿਚ ਦਸਿਆ ਗਿਆ ਹੈ, ਅਗਲੇ ਦਿਨ ੧੫ ਮਾਰਚ ਨੂੰ ਇਹਤਮਾਦੁ-ਦੌਲਾ ਮੁਹੰਮਦ ਅਮੀਨ ਖਾਨ ਦੇ ਪੁਤਰ ਕਮੁਰੁਦੀਨ ਖਾਨ, ਤੀਸਰੇ ਬਖਸ਼ੀ ਅਫ਼ਰਾਸਿਆਬ ਖਾਨ, ਮੁਜ਼ੱਫਰ ਖਾਨ, ਰਾਜਾ ਉਦਿਤ ਸਿੰਘ ਬੁੰਦੇਲੇ, ਰਾਜਾ ਗੁਪਾਲ ਸਿੰਘ ਭਦਾਵੜੀਏ, ਰਾਜਾ ਦਲਪਤ ਬੁੰਦੇਲੇ ਦੇ ਪੁੱਤਰ ਪ੍ਰਿਥੀ ਚੰਦ ਅਤੇ ਹੋਰ ਬਹੁਤ ਸਾਰੇ ਹਿੰਦੂ ਅਤੇ ਮੁਸਲਮਾਨ ਸਰਦਾਰਾਂ ਨੂੰ ਹੁਕਮ ਹੋਇਆ ਕਿ ਫੌਜਾਂ ਤਿਆਰ ਕਰ ਕੇ ਅਬਦੁਸੱਮਦ ਖਾਨ ਦੀ ਸਹਾਇਤਾ ਲਈ ਪੰਜਾਬ ਨੂੰ ਕੂਚ ਕਰਨ। ਇਸੇ ਤਰ੍ਹਾਂ ਬਾਦਸ਼ਾਹੀ ਹੁਕਮ ਪੰਜਾਬ ਦੇ ਕਈ ਫ਼ੌਜਦਾਰਾਂ, ਨਵਾਬਾਂ, ਜਾਗੀਰਦਾਰਾਂ ਦੇ ਨਾਉਂ ਭੀ ਭੇਜੇ ਗਏ ਕਿ ਉਹ ਆਪਣੀਆਂ


www.AKJ.Org

ਆਪਣੀਆਂ ਫੌਜਾਂ ਲੈ ਕੇ ਅਬਦੁੱਸਮਦ ਖਾਨ ਦੀ ਕਮਾਨ ਥਲੇ ਲਸ਼ਕਰ ਵਿਚ ਸ਼ਾਮਲ ਹੋਣ। ਇਹ ਬਾਦਸ਼ਾਹੀ ਪਰਵਾਨੇ ਪੁਜਣ ਤੇ ਗੁਜਰਾਤ ਦਾ ਫ਼ੌਜਦਾਰ ਮਿਰਜ਼ਾ ਅਹਿਮਦ ਖ਼ਾਨ ਆਪਣੇ ਜੰਗਜੂ ਸਯੱਦਾਂ ਦੀ ਫ਼ੌਜ, ਜੋ ਜੰਗੀ ਸਾਜ਼ੋ ਸਾਮਾਨ ਨਾਲ ਪੂਰੀ ਤਰ੍ਹਾਂ ਲੈਸ ਸਨ, ਨੂੰ ਆਪਣੀ ਕਮਾਨ ਥਲੇ, ਐਮਨਾਬਾਦ ਦਾ ਫੌਜਦਾਰ ਇਰਾਦਤਮੰਦ ਖਾਨ, ਔਰੰਗਾਬਾਦ ਤੇ ਪਸਰੂਰ ਦਾ ਨੂਰ ਮੁਹੰਮਦ ਖਾਨ, ਬਟਾਲੇ ਦਾ ਸ਼ੇਖ ਮੁਹੰਮਦ ਦਾਇਮ, ਹੈਬਤਪੁਰ ਪਟੀ ਦਾ ਸੱਯਦ ਹਫ਼ੀਜ਼ ਅਲੀ ਖਾਨ, ਕਲਾਨੌਰ ਦਾ ਸੁਹਰਾਬ ਖਾਨ, ਕਾਂਗੜੇ ਦਾ ਰਾਜਾ ਹਮੀਰ ਚੰਦ ਕਟੋਚੀਆ, ਧਰੁਵ ਦੇਵ ਜਸਰੋਟੀਏ ਦਾ ਪੁਤਰ ਹਰਦੇਵ, ਰਾਜਾ ਭੀਮ ਸਿੰਘ ਕਟੋਚ ਆਦਿ ਆਪਣੀਆਂ ਆਪਣੀਆਂ ਫੌਜਾਂ ਲੈ ਕੇ ਲਾਹੌਰ ਜਮ੍ਹਾ ਹੋ ਗਏ। ਲਾਹੌਰ ਦੇ ਨਾਇਬ ਸੂਬੇਦਾਰ ਆਰਿਫ ਬੇਗ ਖਾਨ ਨੇ ਸ਼ਹਿਰੋਂ ਬਾਹਰ ਨਿਕਲ ਕੇ ਸ਼ਾਹ ਗੰਜ ਦੇ ਲਾਗੇ ਕੈਂਪ ਲਾ ਲਿਆ ਤੇ ਸ਼ਾਇਦ ਅਬਦੁੱਸਮਦ ਖਾਨ ਦੇ ਲੱਖੀ ਜੰਗਲ ਵੱਲੋਂ ਆਉਣ ਦੀ ਉਡੀਕ ਕਰਨ ਲੱਗਾ। ਇਸ ਸਾਰੇ ਲਸ਼ਕਰੇ ਜੱਰਾਰ (ਬੇਅੰਤਹਾ ਫੌਜ) ਦਾ ਕਮਾਂਡਰ-ਆਲਾ ਅਬਦੁੱਸਮਦ ਖਾਨ ਸੀ, ਇਥੋਂ ਕੂਚ ਤੇ ਲੜਾਈ ਉਸਦੇ ਹੁਕਮ ਨਾਲ ਹੋਣੀ ਸੀ।[੧]

੧੯ ਮਾਰਚ ਨੂੰ ਪੰਜਾਬ ਤੋਂ ਬਾਦਸ਼ਾਹ ਨੂੰ ਖ਼ਬਰ ਮਿਲੀ ਕਿ ਸਿੱਖਾਂ ਨੇ ਖ਼ੂਬ ਫ਼ਸਾਦ ਖੜਾ ਕੀਤਾ ਹੋਇਆ ਹੈ ਤੇ ਉਹ ਕਈਆਂ ਪਰਗਣਿਆਂ ਵਿਚ ਅੱਡੇ ਜਮ ਈ ਬੈਠੇ ਹਨ ਅਤੇ ਮਾਰ ਧਾੜ ਜਾਰੀ ਹੈ। ਉਹ ਦਿਨ ਬਦਿਨ ਅੱਗੇ ਵਧਦੇ ਆ ਰਹੇ ਹਨ ਤੇ ਲਾਹੌਰ ਸ਼ਹਿਰ ਤੋਂ ੧੨ ਕ੍ਰੋਹ ਤਕ ਆ ਪੁਜੇ ਹਨ। ਇਸ ਜ਼ਿਲੇ ਦੇ ਫ਼ੌਜਦਾਰ, ਸਿੰਘਾਂ ਤੋਂ ਡਰਦੇ ਹੋਏ ਆਪਣੀਆਂ ਫੌਜਾਂ ਸਣੇ ਦੌੜ ਗਏ ਹਨ, ਉਨ੍ਹਾਂ ਨਾਲ ਟਾਕਰਾ ਕਰਨ ਵਾਲਾ ਕੋਈ ਨਹੀਂ ਰਿਹਾ। ਇਨ੍ਹਾਂ ਖ਼ਾਲੀ ਥਾਵਾਂ ਤੇ ਸਿੰਘ ਆਪਣੇ ਕਬਜ਼ੇ ਤੇ ਅਮਲਦਾਰੀ ਕਾਇਮ ਕਰ ਰਹੇ ਹਨ।

ਲਾਹੌਰ ਵਿਖੇ ਹੋ ਰਹੀਆਂ ਤਿਆਰੀਆਂ ਬੰਦਾ ਸਿੰਘ ਵਿਰੁਧ ਐਲਾਨਿ-ਜੰਗ ਸੀ। ਉਹ ਇਸ ਹਾਲਤ ਤੋਂ ਬਿਲਕੁਲ ਬੇਖ਼ਬਰ ਨਹੀਂ ਸੀ। ਮੁਗਲ ਫੌਜਾਂ ਨਾਲ ਕਿਸੇ ਅੱਡੇ ਤੇ ਜੰਮ ਕੇ ਟਾਕਰਾ ਕਰਨ ਲਈ ਉਸ ਨੇ ਕਲਾਨੌਰ ਤੇ ਬਟਾਲੇ ਵਿਚਕਾਰ ਕੋਟ ਮਿਰਜ਼ਾਜਾਨ ਪਿੰਡ ਵਿਖੇ ਇਕ ਕੱਚੀ ਗੜ੍ਹੀ ਬਣਾਉਣ ਦਾ ਕੰਮ ਛੇਤੀ ਸਿਰੇ ਚੜ੍ਹਾਉਣ ਵਲ ਉਚੇਚਾ ਧਿਆਨ ਦਿਤਾ। ਇਸ ਕੰਮ ਲਈ ਬੰਦਾ ਸਿੰਘ ਪਾਸ ਸਮਾਂ ਬਹੁਤ ਥੋੜਾ ਸੀ। ਅਜੇ ਗੜ੍ਹੀ ਦੁਆਲੇ ਖਾਈ ਤੇ ਹੋਰ ਰੋਕਾਂ ਪੂਰੀ ਤਰ੍ਹਾਂ ਨਹੀਂ ਸਨ ਬਣੀਆਂ ਕਿ ਅਬਦੁੱਸਮਦ ਖ਼ਾਨ ਸੂਬੇਦਾਰ ਅਤੇ ਨਾਇਬ ਸੂਬੇਦਾਰ ਆਰਫ਼ ਬੇਗ ਖ਼ਾਨ ਦੀ ਕਮਾਨ ਹੇਠਾਂ, ਉਪਰੋਕਤ ਫ਼ੌਜਦਾਰਾਂ ਦੀਆਂ ਮਿਲਵੀਆਂ ਫ਼ੌਜਾਂ ਸਿੰਘਾਂ ਉਪਰੋ ਆ ਪਈਆਂ। ਅਗੋਂ ਸਿੰਘਾਂ ਨੇ ਤੇਗਾਂ ਤੀਰਾਂ ਨਾਲ ਐਸਾ ਸੁਆਗਤ ਕੀਤਾ ਕਿ ਫ਼ੌਜ ਨੂੰ ਹੱਥਾਂ ਪੈਰਾਂ ਦੀ ਪੈ ਗਈ। ਐਸੇ ਜੋਸ਼ ਨਾਲ ਕਟਾ-ਵੱਢ ਹੋਈ ਕਿ ਅਬਦੁੱਸਮਦ ਖਾਨ ਤੇ ਆਰਿਫ਼ ਬੇਗ ਨੂੰ ਮਹਿਸੂਸ ਹੋਇਆ ਕਿ ਉਹ ਬੜੇ ਕੁਥਾਂ ਫਸ ਗਏ ਹਨ। ਸਿੰਘਾਂ ਨੇ ਇਸ ਲਸ਼ਕਰ ਦੀਆਂ ਸਫ਼ਾਂ ਹੀ ਚੀਰ ਫਾੜ ਕੇ ਉਲਟ ਦਿਤੀਆਂ। ਗੁਲਾਮ ਹੁਸੈਨ ਖਾਨ "ਸੀਅਰੁਲ-ਮੁਤਾਖ਼ਰੀਨ" ਦਾ ਕਰਤਾ ਲਿਖਦਾ ਹੈ, "ਬੰਦਾ (ਸਿੰਘ) ਇਸ ਤਰ੍ਹਾਂ ਪੈਂਤੜਾ ਲੈ ਕੇ ਆਪਣੀ ਜਗ੍ਹਾ ਤੇ ਡਟਿਆ ਰਿਹਾ ਕਿ ਸਭ ਲੜਨ ਤੇ ਵੇਖਣ ਵਾਲੇ ਹੈਰਾਨ ਹੋ ਗਏ ਅਤੇ ਇਸ ਲਸ਼ਕਰ ਦੀ ਪਹਿਲੀ ਲੜਾਈ ਵਿਚ ਉਹ ਇਤਨੀ ਬਹਾਦਰੀ ਤੇ ਬੇਜਿਗਰੀ ਨਾਲ ਲੜਿਆ ਕਿ ਬਾਦਸ਼ਾਹੀ ਜਰਨੈਲਾਂ ਨੂੰ ਆਪਣੀ ਹਾਰ ਹੋ ਚੁਕਣ ਦਾ ਯਕੀਨ ਹੋ ਗਿਆ ਸੀ। ਅਤੇ ਭਾਵੇਂ (ਸ਼ਾਹੀ ਲਸ਼ਕਰ ਨੇ) ਬੜੇ ਜ਼ੋਰ ਨਾਲ ਉਸ ਦਾ ਪਿਛਾ ਕੀਤਾ, ਪਰ ਉਹ ਇਸ ਤਰ੍ਹਾਂ ਠਰ੍ਹੰਮੇ ਨਾਲ ਆਪਣ ਸਾਥੀ ਸਿੰਘ ਮਰਵਾਉਂਦਾ ਅਤੇ ਅੰਤ ਤਕ ਆਪਣੇ ਪਿਛੇ ਪਏ ਹੋਏ ਵੈਰੀ ਦਾ ਡਾਢਾ ਨੁਕਸਾਨ ਕਰਦਾ ਹੋਇਆ, ਆਪਣੇ ਬਚਾਉ ਦੇ ਇਕ ਟਿਕਾਣੇ ਤੋਂ ਦੂਸਰੇ ਟਿਕਾਣੇ ਵਲ ਇੰਜ ਪਿਛੇ ਨੂੰ ਹਟਿਆ ਜਿਵੇਂ ਇਕ ਜੰਗਲੀ ਜਾਨਵਰ ਸ਼ਿਕਾਰੀਆਂ ਨੂੰ ਚੀਰਦਾ ਪਾੜਦਾ ਇਕ ਝੰਗੀ ਤੋਂ ਦੂਜੀ ਝੰਗੀ ਵੱਲ ਹਟਦਾ ਹੈ।..." ਖ਼ਾਫ਼ੀ ਖਾਨ ਨੇ ਵੀ ਇਸ ਬਾਰੇ ਭਾਵੇਂ ਨਫ਼ਰਤ ਭਰੇ ਤਰੀਕੇ ਨਾਲ ਜ਼ਿਕਰ ਕੀਤਾ ਹੈ, ਪਰ ਸਿੰਘਾਂ ਦੀ ਬਹਾਦਰੀ ਆਪ-ਮੁਹਾਰੇ ਉਸ ਦੀ ਲਿਖਤ 'ਚੋਂ ਚਸ਼ਮੇ ਵਾਂਗ ਫੁਟ ਤੁਰਦੀ ਹੈ। ਉਹ ਆਪਣੀ ਪ੍ਰਸਿਧ ਪੁਸਤਕ ਮੁੰਤਖ਼ਿਬੁ-ਲ-ਲੁਬਾਬ ਵਿਚ ਲਿਖਦਾ ਹੈ : "ਕਾਫ਼ਰ ਇਤਨੇ ਹਿਛ ਕੇ ਤੇ ਬਿਫਰ ਕੇ ਲੜੇ ਕਿ ਉਨ੍ਹਾਂ ਇਸਲਾਮੀ ਲਸ਼ਕਰ ਉਤੇ ਲਗ ਪਗ ਕਾਬੂ ਹੀ ਪਾ ਲਿਆ ਸੀ

ਅਤੇ ਉਨ੍ਹਾਂ ਮੁੜ ਮੁੜ ਕੇ ਬੇਮਿਸਾਲ ਬਹਾਦਰੀ ਦੇ ਬਹੁਤ ਜੌਹਰ ਦਿਖਾਏ।'' ਬੰਦਾ ਸਿੰਘ ਪਾਸ ਇਸਲਾਮੀ ਲਸ਼ਕਰ ਨਾਲੋਂ ਕਈ ਗੁਣਾ ਨਫ਼ਰੀ ਘਟ ਸੀ, ਹਥਿਆਰ ਤੇ ਘੋੜੇ ਵੀ ਘਟ। ਵੱਡੀ ਮਾਰ ਉਨ੍ਹਾਂ ਨੂੰ ਤੋਪਖ਼ਾਨੇ ਦੀ ਪੈ ਰਹੀ ਸੀ ਤੇ ਉਨ੍ਹਾਂ ਪਾਸ ਸਿਰ ਲੁਕੋ ਸਕਣ ਨੂੰ ਵੀ ਕੋਈ ਥਾਂ ਨਹੀਂ ਸੀ। ਇਸ ਲਈ ਅਤੀ ਮਜਬੂਰੀ ਦੀ ਹਾਲਤ ਵਿਚ ਉਨ੍ਹਾਂ ਨੂੰ ਆਪਣੀਆਂ ਥਾਵਾਂ ਛੱਡ ਕੇ ਗੁਰਦਾਸਪੁਰ ਵਲ ਨੂੰ ਹਟਣਾ ਪੈ ਗਿਆ।[2]

ਬੰਦਾ ਸਿੰਘ ਤੇ ਉਸ ਦੇ ਸਿੰਘ ਗੁਰਦਾਸਪੁਰ ਨਹੀਂ ਗਏ, ਸਗੋਂ ਉਹ ਪਿਛੇ ਹਟਦੇ ਹੋਏ ਰਸਤੇ ਵਿਚ ਪੈਂਦੇ ਗੁਰਦਾਸ ਨੰਗਲ ਨਾਮ ਦੇ ਪਿੰਡ ਵਿਚ ਇਕ ਹਵੇਲੀ ਵਿਚ ਟਿਕਾਣਾ ਮੱਲ ਕੇ ਬੈਠ ਗਏ, ਤਾਂਕਿ ਫ਼ੌਜ ਨਾਲ ਇਸ ਮਾਮੂਲੀ ਜਿਹੇ ਸਿਰ-ਲੁਕਾਵੇ ਦਾ ਆਸਰਾ ਲੈ ਕੇ ਦੋ ਹੱਥ ਕੀਤੇ ਜਾਣ। ਇਹ ਪਿੰਡ ਹੁਣ ਮੌਜੂਦ ਨਹੀਂ, ਇਸ ਦੀ ਥਾਂ ਇਕ ਉੱਚਾ ਥੇਹ ਹੈ ਤੇ ਇਸ ਪੁਰਾਣੇ ਪਿੰਡ ਨੂੰ "ਬੰਦੇ ਵਾਲੀ ਥੇਹ'' ਕਹਿੰਦੇ ਹਨ। ਇਹ ਥੇਹ ਇਸ ਵੇਲੇ ਦੇ ਗੁਰਦਾਸ ਨੰਗਲ ਪਿੰਡ ਤੋਂ ਲਹਿੰਦੇ ਵਲ ਡੇਢ ਕੁ ਮੀਲ ਅਤੇ ਗੁਰਦਾਸਪੁਰ ਸ਼ਹਿਰੋਂ ਸਿੱਧਾ ਚਾਰ ਸਾਢੇ ਚਾਰ ਮੀਲ ਦਖਣ-ਲਹਿੰਦੇ ਨੂੰ ਹੈ। ਇਸ ਥੇਹ ਦੇ ਦੁਆਲੇ ਸਥਿਤ ਪਿੰਡ ਇਸ ਪ੍ਰਕਾਰ ਹਨ——ਨਵਾਂ ਪਿੰਡ ਦੋ ਕਿਲੋਮੀਟਰ ਉਤਰ-ਚੜ੍ਹਦੇ ਵਿਚ, ਪੁਰੋਵਾਲ ਰਾਜਪੂਤਾਂ ਇੰਨਾ ਕੁ ਉਤਰ ਵਿਚ, ਪੁਰੋਵਾਲ ਜੱਟਾਂ ਉੱਤਰ-ਪੱਛਮ, ਕਲਿਆਣਪੁਰ ਦਖਣ-ਲਹਿੰਦੇ ਵਿਚ ਏਨੀ ਏਨੀ ਵਿਥ ਤੇ ਹਨ। ਇਨ੍ਹਾਂ ਸਾਰਿਆਂ ਪਿੰਡਾਂ ਦੀਆਂ ਜ਼ਮੀਨੀ ਹੱਦਾਂ ਮੌਜੂਦਾ ਗੁਰਦਾਸ ਨੰਗਲ ਨਾਲ ਲਗਦੀਆਂ ਹਨ।

ਉਸ ਵੇਲੇ, ਇਹ ਅੱਜ ਥੇਹ ਹੋਇਆ ਪਿਆ ਗੁਰਦਾਸ ਨੰਗਲ ਕੋਈ ਕਿਲ੍ਹੇ ਵਾਲਾ ਪਿੰਡ ਨਹੀਂ ਸੀ, ਕੋਈ ਛੋਟੀ ਮੋਟੀ ਗੜ੍ਹੀ ਵੀ ਨਹੀਂ ਸੀ। ਦੁਸ਼ਮਣ ਮਗਰ ਮੌਢੀਂ ਚੜ੍ਹਿਆ ਆ ਰਿਹਾ ਸੀ। ਜ਼ਖਮੀਆਂ ਤੇ ਪੈਦਲਾ ਦੀ ਗਿਣਤੀ ਕਾਫ਼ੀ ਸੀ, ਜਿਨ੍ਹਾਂ ਨੂੰ ਦੁਸ਼ਮਣ ਦੇ ਰਹਿਮੋ-ਕਰਮ ਤੇ ਛਡ ਕੇ ਜਾਨ ਬਚਾਉਣ ਲਈ ਪਹਾੜਾਂ ਵਲ ਨਿਕਲ ਜਾਣਾ, ਜੋ ਉਹ ਆਸਾਨੀ ਨਾਲ ਕਰ ਸਕਦੇ ਸਨ ਤੇ ਇਸਲਾਮੀ ਲਸ਼ਕਰ ਉਨ੍ਹਾਂ ਦੀ ਗਰਦ ਨੂੰ ਵੀ ਨਾ ਛੂ ਸਕਦਾ, ਸਿੰਘਾਂ ਦੀ ਸ਼ਾਨ ਦੇ ਸ਼ਾਇਆ ਨਹੀਂ ਸੀ। ਸਿੰਘ ਇਕ ਦੂਜੇ ਤੋਂ ਜਾਨਾਂ ਵਾਰਦੇ ਸਨ ਤੇ ਇਕ ਦੂਜੇ ਨੂੰ ਵੇਖ ਕੇ ਜੀਉਂਦੇ ਸਨ।[3] ਉਨ੍ਹਾਂ ਦਾ ਜੀਉਣਾ ਮਰਨਾ ਸਾਂਝਾ ਸੀ। ਸੋ ਇਸ ਵੇਲੇ ਬੰਦਾ ਸਿੰਘ ਤੇ ਉਸਦੇ ਸਾਥੀਆਂ ਨੂੰ ਇਥੇ ਭਾਈ ਦੁਨੀ ਚੰਦ ਦੀ ਹਵੇਲੀ, ਜੋ ਕਾਫ਼ੀ ਖੁਲ੍ਹੀ ਸੀ, ਅੰਦਰ ਆਸਰਾ ਲੈਣ ਤੋਂ ਬਿਨਾ ਹੋਰ ਕੋਈ ਚਾਰਾ ਨਹੀਂ ਸੀ। ਸੰਜੋਗ ਨਾਲ ਇਸਦੇ ਆਲੇ ਦੁਆਲੇ ਬੜੀ ਮਜ਼ਬੂਤ ਉੱਚੀ ਕੰਧ ਸੀ ਤੇ ਅੰਦਰ ਇਤਨੀ ਖੁਲ੍ਹੀ ਥਾਂ ਸੀ ਕਿ ਬੰਦਾ ਸਿੰਘ ਦੇ ਸਾਰੇ ਸਾਥੀ ਉਥੇ ਸਮਾ ਸਕਦੇ ਸਨ।

[ਚਲਦਾ]

## ਹਵਾਲੇ ਤੇ ਫੁਟ ਨੋਟ

੧ ਮੁਹੰਮਦ ਕਾਸਿਮ—ਇਬਰਤਨਾਮਾ, ਸਫ਼ਾ ੪੧
ਸੋਹਣ ਲਾਲ ਸੂਰੀ—ਉਮਦਾ-ਤੁ-ਤਵਾਰੀਖ਼, ਸਫ਼ਾ ੯੦

੨ ਮੁਹੰਮਦ ਕਾਸਿਮ—ਇਬਰਤਨਾਮਾ, ਸਫ਼ਾ ੪੧-੪੨
ਗਣੇਸ਼ ਦਾਸ ਵਡਹਿਰਾ—ਰਿਸਾਲਾ-ਇ-ਸਾਹਿਬ ਨੁਮਾ ਗੁਲਸ਼ਨ-ਪੰਜਾਬ, ਸਫ਼ਾ ੧੯੫
ਸੋਹਣ ਲਾਲ ਸੂਰੀ—ਉਮਦਾ-ਤੁ-ਤਵਾਰੀਖ, ਸਫ਼ਾ ੯੦
ਗੁਲਾਮ ਹੁਸੈਨ ਖਾਨ—ਸੀਅਰੁਲਮਤਾਖ਼ਰੀਨ, ਉਲਥਾ, ਰੇਮਾਂਡ, ਸਫ਼ਾ ੮੮
ਖਾਫ਼ੀ ਖ਼ਾਨ—ਮੁੰਤਖ਼ਬੁ-ਲੁ-ਲੁਬਾਬ, ਉਲਥਾ, ਬ੍ਰਿਗਜ਼, ਸਫ਼ਾ ੭੭
ਮੁੰਤਖ਼ਬੁ-ਲੁ-ਲੁਬਾਬ ਭਾਗ ii, ਸਫ਼ਾ ੭੬੨
ਮੁੰਤਖ਼ਬ-ਲੁ-ਲੁਬਾਬ ਉਲਥਾ, ਇਲੀਅਟ, ਚੈਪਟਰ vii, ਸਫ਼ਾ ੪੫੬

ਯਾਦ ਰਹੇ ਕਿ "ਇਬਰਤ ਨਾਮਾ'' ਦਾ ਕਰਤਾ ਮੁਹੰਮਦ ਕਾਸਿਮ, ਇਸ ਮੁਹਿੰਮ ਵਿਚ ਆਪ ਸ਼ਾਮਲ ਸੀ। ਉਹ ਆਈਨੀ ਗੁਆਹ ਹੈ। ਉਹ ਖ਼ੁਦ ਸਿੰਘਾਂ ਵਿਰੁਧ ਲੜਿਆ ਤੇ ਉਨ੍ਹਾਂ ਦੀ ਬਹਾਦਰੀ ਦੇ ਜੌਹਰ ਤੇ ਜਲਵੇ ਉਸ



www.AKJ.Org

ਅੱਖੀਂ ਵੇਖੇ। ਇਸਲਾਮੀ ਲਸ਼ਕਰ ਦੀ ਸਿੰਘਾਂ ਹੱਥੋਂ ਦੁਰਗਤੀ ਤੇ ਉਸ ਵਿਚ ਮਚਦੀ ਭਗਦੜ ਉਹ ਖ਼ੁਦ ਵੇਖਦਾ ਰਿਹਾ। ਏਡੀ ਵੱਡੀ ਗਿਣਤੀ ਦੇ ਹੁੰਦਿਆਂ ਵੀ ਉਹ ਸਿੰਘਾਂ ਪਾਸੋਂ ਬਚ ਬਚ ਕੇ ਲੜਦੇ ਸਨ ਤੇ ਉਨ੍ਹਾਂ ਵਿਚ ਕਦੀ ਵੀ ਇਹੋ ਜਿਹਾ ਹੌਸਲਾ ਜਾ ਜੁਰਅਤ ਨਹੀਂ ਸੀ ਪੈਂਦੀ ਕਿ ਆਪਣੇ ਨਾਲੋਂ ਕਈ ਗੁਣਾ ਥੋੜੀ ਗਿਣਤੀ ਦੇ ਵੈਰੀ ਨੂੰ ਮਾਰ ਮੁਕਾਉਂਦੇ। ਮੁਹੰਮਦ ਕਾਸਿਮ ਦੀ ਲਿਖਤ ਦੂਜਿਆਂ ਨਾਲੋਂ ਤੁਅਸਬ ਤੇ ਝੂਠੀ ਕਥਨੀ ਦਾ ਘਟ ਸ਼ਿਕਾਰ ਹੈ। ਉਹ ਨਹੀਂ ਚਾਹੁੰਦਾ ਕਿ ਇਸਲਾਮੀ ਲਸ਼ਕਰ, ਜਿਸ ਵਿਚ ਉਹ ਆਪ ਵੀ ਸ਼ਾਮਲ ਹੈ, ਉਸਦੀ ਹੋ ਰਹੀ ਹੇਠੀ ਉਸਦੇ ਕਲਮ ਰਾਹੀਂ ਹੂਬਹੂ ਉਂਜ ਹੀ ਇਤਿਹਾਸ ਵਿਚ ਅੰਕਤ ਹੋ ਜਾਵੇ, ਪਰ ਉਹ ਸਿੰਘਾਂ ਦੀ ਸੂਰਮਗਤੀ ਤੇ ਮਰਦਾਨਗੀ ਨੂੰ ਬਹੁਤੀਆਂ ਤਹਿਆਂ ਥਲੇ ਵੀ ਨਹੀਂ ਦਬਦਾ। ਭਾਵੇਂ ਬਹਾਦਰੀ ਦੀ ਪੂਰੀ ਤਸਵੀਰ ਉਹ ਪੇਸ਼ ਨਹੀਂ ਕਰਨੀ ਚਾਹੁੰਦਾ, ਫਿਰ ਵੀ ਸੱਚ ਤੇ ਸਦਾਕਤ ਸੌ ਪੜਦੇ ਪਾੜ ਕੇ ਵੀ ਬਾਹਰ ਆ ਜਾਂਦੇ ਹਨ। ਸਿਆਣੇ ਪਾਠਕ ਅਸਲੀਅਤ ਤਕ ਖ਼ੁਦ ਹੀ ਪਹੁੰਚ ਜਾਂਦੇ ਹਨ। ਹਕੂਮਤਾਂ ਸਦਾ ਹੀ ਦੁਸ਼ਮਣ ਹਥੋਂ ਖਾਧੀ ਹਜ਼ੀਮਤ (ਹਾਰ, ਹੀਣਤਾ) ਪਬਲਿਕ ਦੇ ਅੱਖਾਂ ਕੰਨਾਂ ਤੋਂ ਦੂਰ ਹੀ ਰਖਿਆ ਕਰਦੀਆਂ ਹਨ। ਕੌਣ ਆ ਕੇ ਦਸੇਗਾ ਕਿ ਮੈਂ ਫਲਾਣੇ ਪਾਸੋਂ ਜੁੱਤੀਆਂ ਖਾ ਕੇ ਆਇਆ ਹਾਂ। ਹਕੂਮਤਾਂ ਪਾਸ ਸਭ ਸਾਧਨ ਹੁੰਦੇ ਹਨ। ਉਹ ਆਪਣੀ ਵਡੀ ਤੋਂ ਵਡੀ ਹਾਰ ਨੂੰ ਜਿਤ ਵਿਚ ਪੇਸ਼ ਕਰਦੀਆਂ ਹਨ ਤੇ ਵਿਰੋਧੀ ਦੇ ਬੇਨਜ਼ੀਰ ਕਾਰਨਾਮਿਆਂ ਨੂੰ, ਜੋ ਦਲੇਰੀ ਤੇ ਜੁਰਅਤ ਚੀ ਸਿਖਰ ਹੁੰਦੇ ਹਨ, ਦੋ ਸ਼ਬਦਾਂ ਵਿਚ ਸਿਫ਼ਰ ਕਰਕੇ ਲੋਕਾਂ ਦੀਆਂ ਅੱਖਾਂ ਵਿਚ ਧੂੜ ਝੋਂਕ ਦੇਂਦੀਆਂ ਹਨ। ਪਰ ਸੱਚ ਕਦੀ ਮਰਦਾ ਨਹੀਂ, ਸਮਾਂ ਪਾ ਕੇ, ਉਤੇ ਰਖੇ ਪੱਥਰ ਪਾੜ ਕੇ ਵੀ ਨਿਕਲ ਆਉਂਦੇ। ਮੁਹੰਮਦ ਕਾਸਿਮ ਵਰਗੇ ਸ਼ਖ਼ਸ ਹਰ ਸਮੇਂ ਕਿਸੇ ਨਾ ਕਿਸੇ ਰੂਪ ਵਿਚ ਸੱਚ ਜ਼ਿੰਦਾ ਰਖਣ ਦਾ ਰੱਬੀ ਵਸੀਲਾ ਬਣ ਜਾਂਦੇ ਹਨ। ਇਹ ਸ਼ਖ਼ਸ ਲਾਹੌਰ ਦੇ ਨਾਇਬ ਸੂਬੇਦਾਰ ਪਾਸ ਫ਼ੌਜ ਵਿਚ ਮੁਲਾਜ਼ਮ ਸੀ। ਗੁਰਦਾਸ ਨੰਗਲ ਦੀ ਮੁਹਿੰਮ ਦੇ ਅੰਤ ਤਕ ਇਸ ਵਿਚ ਸ਼ਾਮਲ ਰਿਹਾ।

੩. ਓਦੋਂ ਸਿਖ ਅੱਜ ਦੀ ਖ਼ੁਦਗਰਜ਼ ਤੇ ਪੰਥ ਵੇਚੂ ਨਖਿਧ ਸਿਖ ਲੀਡਰਸ਼ਿਪ ਵਰਗੇ ਨਹੀਂ ਸਨ, ਜੋ ਹਰ ਵੇਲੇ, ਨਿਜੀ ਛੋਟੇ ਛੋਟੇ ਸੁਆਰਥਾਂ ਲਈ ਇਕ ਦੂਜੇ ਦੀਆਂ ਲੱਤਾਂ ਖਿਚਦੇ ਰਹਿੰਦੇ ਹਨ, ਇਕ ਦੂਜੇ ਦੀ ਮੌਤ ਦੀਆਂ ਦੁਆਈਂ ਮੰਗਦੇ ਰਹਿੰਦੇ ਹਨ ਕਿ ਫਲਾਣਾ ਮਰੇ ਤਾਂ ਮੇਰੀ ਲੀਡਰਸ਼ਿਪ ਚਮਕੂ ਤੇ ਕੁਰਸੀ ਮਿਲੂ। ਪ੍ਰਮਾਰਥ, ਸੇਵਾ ਭਾਵ, ਆਪਸੀ ਪਿਆਰ, ਪੰਥ ਤੋਂ ਆਪਾ ਵਾਰੂ, ਕੁਰਸੀ ਨੂੰ ਜੁਤੀ ਦੀ ਨੋਕ ਤੇ ਟੰਗਣ ਵਾਲੇ ਗੁਣ ਅੱਜ ਦੇ ਆਗੂਆਂ ਤੇ ਸਿਖਾਂ ਵਿਚੋਂ ਅਲੋਪ ਹੋ ਚੁਕੇ ਹਨ। ਸਿੱਖੀ ਦੇ ਬਾਗ ਵਿਚ ਗ਼ਦਾਰਾਂ ਤੇ ਭਰਾ-ਮਾਰਾਂ ਦਾ ਬੇਓੜਕਾ ਝਾੜ-ਬੂਟ ਉਗ ਖਲੋਤਾ ਹੈ। ਦੁਨੀਆ ਦੀ ਕੋਈ ਕੌਮ ਭਰਾ-ਮਾਰ ਤੇ ਪੰਥ-ਧਰੋਹੀ ਪੈਦਾ ਕਰਨ ਵਿਚ ਸਿੱਖਾਂ ਦਾ ਮੁਕਾਬਲਾ ਨਹੀਂ ਕਰ ਸਕਦੀ। ਸਾਈਂ ਬੁਲ੍ਹੇ ਸ਼ਾਹ ਜੀਉਂਦਾ ਹੁੰਦਾ ਤਾਂ ਸਿੱਖਾਂ ਦੀ ਇਸ ਮੌਜੂਦਾ "ਕਲਾ" ਨੂੰ ਵੇਖ ਕੇ ਕੀ ਕਹਿੰਦਾ!


## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਤੇ ਟਰੈਕਟ

| | | | |
|---|---|---|---|
| ਕਥਾ ਕੀਰਤਨ (ਨਵੀਂ ਛਾਪ) | ੧੬-੦੦ | ਗੁਰਮਤਿ ਸੱਚ ਨਿਰਣੇ (ਨਵੀਂ ਛਾਪ) | ੧੫-੦੦ |
| ਰੰਗਲੇ ਸੱਜਣ (ਨਵੀਂ ਛਾਪ) | ੧੬-੦੦ | ਜੇਲ੍ਹ ਚਿੱਠੀਆਂ | ੩੦-੦੦ |
| ਗੁਰਮਤਿ ਨਾਮ ਅਭਿਆਸ ਕਮਾਈ | ੧੩-੫੦ | ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿਲੱਖਣਤਾ | ੨੫-੦੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੧੨-੫੦ | ਅਣਡਿੱਠੀ ਦੁਨੀਆ | ੧੯-੦੦ |
| ਗੁਰਮਤਿ ਲੇਖ ੧੨-੫੦ ਗੁਰਮਤਿ ਪ੍ਰਕਾਸ਼ | ੧੧-੦੦ | ਚਰਨ ਕਮਲ ਕੀ ਮਉਜ | ੭-੫੦ |
| ਗੁਰਮਤਿ ਵਿਚਾਰ | ੧੪-੦੦ | ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ? | ੭-੫੦ |
| ਅੰਮ੍ਰਿਤ ਕੀ ਹੈ? ੨-੫੦ ਅੰਮ੍ਰਿਤ ਕਲਾ | ੧-੫੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਸਿੰਘਾਂ ਦਾ ਪੰਥ ਨਿਰਾਲਾ | ੧-੫੦ | ਸ਼ੰਕਿਆਂ ਦੇ ਉਤਰ ੨-੦੦ ਨਾਮ ਸੰਬੰਧੀ ਵਿਚਾਰ | ੧-੭੫ |
| ਉਮਰ ਕੈਦੀ ਦਾ ਸੁਪਨਾ | ੧-੨੫ | ਆਸਤਕ ਤੇ ਨਾਸਤਕ ੦-੭੫ ਬਾਬਾ ਵੈਦ ਰੋਗੀਆਂ ਦਾ | ੧-੦੦ |
| ਪਰਤੱਖ ਦਰਸ਼ਨ ੧-੦੦ ਵਾਹਿਗੁਰੂ ਸਿਮਰਨ | ੦-੭੫ | ਸਿੱਖੀ ਸਿਦਕ ਤੇ ਧਰਮ ਰਖਿਆ | ੧-੦੦ |
| ਹਉਮੈ ਨਾਵੈ ਨਾਲਿ ਵਿਰੋਧ ਹੈ (ਨਵੀਂ ਛਾਪ) | ੧-੦੦ | ਤਿਮਰ ਅਗਿਆਨ ਤੋਂ ਉਜਿਆਰਾ | ੦-੫੦ |


www.AKJ.Org

# ਗੁਰਸਿੱਖੀ ਦਾ ਆਦਰਸ਼ਕ ਸਰੂਪ

[ਪ੍ਰਿੰਸੀਪਲ ਸੱਜਣ ਸਿੰਘ ਜੀ, ਨਵੀਂ ਦਿੱਲੀ]

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੂੰ ਦੇਸ਼, ਪੰਥ ਦੀ ਨਿਸ਼ਕਾਮ ਸੇਵਾ ਕਰਨ ਅਤੇ ਗੁਰਮਤਿ ਕਦਰਾਂ ਕੀਮਤਾਂ ਨੂੰ ਨਵਰੰਗ ਰੂਪ ਵਿਚ ਉਜਾਗਰ ਕਰਨ ਦਾ ਮਾਣ ਪ੍ਰਾਪਤ ਹੈ, ਜਿਸ ਕਰਕੇ ਆਪ ਨੂੰ ਸਿੱਖ ਜਗਤ ਵਿਚ 'ਸੋਨੇ ਦੀ ਚਿੜੀਆ' ਕਹਿ ਕੇ ਸਨਮਾਨਿਆ ਗਿਆ ਹੈ। ਉਨ੍ਹਾਂ ਦੀ ਕਠਨ ਤਪੱਸਿਆ ਭਰੀ ਬੇਲਾਗ ਜੀਵਨੀ, ਬੇਦਾਗ ਗੁਰਮੁਖਿ ਰਹਿਣੀ-ਬਹਿਣੀ ਅਤੇ ਜ਼ੋਰਦਾਰ ਲੇਖਣੀ ਨੇ ਅਧਿਆਤਮਕ ਖੇਤਰ ਵਿਚ ਨਵੇਕਲਾ ਅਸਥਾਨ ਬਣਾਇਆ ਹੈ। ਇਸ ਹਕੀਕਤ ਤੋਂ ਸਭ ਜਾਣੂ ਹਨ ਕਿ ਆਪ ਦੇ ਵਿੱਦਵਤਾ ਭਰਪੂਰ ਗਿਆਨ ਦਾ ਸੋਮਾ ਪੁਸਤਕਾਂ ਦਾ ਅਧਿਐਨ ਨਹੀਂ, ਬਲਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਿਵੇਕ ਸਹਿਤ ਪਾਠ, ਵੀਚਾਰ, ਨਾਮ ਅਭਿਆਸ ਤੇ ਸਹਜ ਗਿਆਨ ਹੈ।

ਲਕਬ 'ਭਾਈ ਸਾਹਿਬ', ਜਿਹੜਾ ਪਹਿਲੇ ਪਹਿਲ ਭਾਈ ਮਰਦਾਨਾ ਜੀ, ਭਾਈ ਲਹਿਣਾ ਜੀ (ਗੁਰਿਆਈ ਤੋਂ ਪਹਿਲਾਂ), ਭਾਈ ਗੁਰਦਾਸ ਜੀ, ਭਾਈ ਮਨੀ ਸਿੰਘ ਜੀ ਆਦਿ ਗੁਰਸਿੱਖਾਂ ਨੂੰ ਸਸ਼ੋਭਤ ਕਰਦਾ ਸੀ, ਹੁਣ ਕਾਫ਼ੀ ਸਮੇਂ ਬਾਅਦ ਇਸ ਵਡਭਾਗੇ ਗੁਰਸਿੱਖ ਦੇ ਨਾਮ ਨਾਲ ਜੁੜਿਆ ਹੈ। ਬੇਸ਼ਕ ਗੁਰਸਿਖ, ਗੁਰਮੁਖ, ਸਾਧ, ਸੰਤ ਸਮ-ਅਰਥਕ ਸ਼ਬਦਾਂ ਵਿਚ ਪਰਯੋਗ ਹੋਏ ਹਨ, ਫਿਰ ਵੀ ਕਿਤੇ ਕਿਤੇ ਗੁਰਦੇਵ ਦੁਆਰਾ 'ਗੁਰਸਿੱਖ ਪਦਵੀ' ਨੂੰ ਸਭ ਤੋਂ ਸ੍ਰੇਸ਼ਟ ਸਨਮਾਨ ਪਰਦਾਨ ਕੀਤਾ ਪਰਤੱਖ ਦਿਖਾਈ ਦਿੰਦਾ ਹੈ। ਹਜ਼ੂਰ ਦਾ ਪਾਵਨ ਹੁਕਮ ਹੈ :—

ਧੰਨੁ ਧਨੁ ਭਾਗ ਤਿਨਾ ਭਗਤ ਜਨਾ ਜੋ ਹਰਿ ਨਾਮਾ ਹਰਿ ਮੁਖਿ ਕਹਤਿਆ ॥
ਧਨੁ ਧਨੁ ਭਾਗ ਤਿਨਾ ਸੰਤ ਜਨਾ ਜੋ ਹਰਿ ਜਸੁ ਸ੍ਰਵਣੀ ਸੁਣਤਿਆ ॥
ਧਨੁ ਧਨੁ ਭਾਗ ਤਿਨਾ ਸਾਧ ਜਨਾ ਹਰਿ ਕੀਰਤਨੁ ਗਾਇ ਗੁਣੀ ਜਨ ਬਣਤਿਆ ॥
ਧਨੁ ਧਨੁ ਭਾਗ ਤਿਨਾ ਗੁਰਮੁਖਾ ਜੋ ਗੁਰ ਸਿਖ ਲੈ ਮਨੁ ਜਿਣਤਿਆ ॥
**ਸਭਦੂ ਵਡੇ ਭਾਗ ਗੁਰਸਿਖਾ ਕੇ ਜੋ ਗੁਰ ਚਰਣੀ ਸਿਖ ਪੜਤਿਆ ॥੧੮॥**
(ਰਾਗ ਸੋਰਠਿ ਵਾਰ ਮਹਲੇ ੪ ਕੀ, ਪੰਨਾ ੬੪੯)

ਬੇਸ਼ਕ ਅੰਮ੍ਰਿਤ ਵੇਲੇ ਦੀ ਸੰਭਾਲ, ਨਾਮ ਸਿਮਰਨ ਅਭਿਆਸ, ਗੁਰਬਾਣੀ ਵੀਚਾਰ, ਨਿਰਬਾਣ ਕੀਰਤਨ, ਸੁੱਚੀ ਕ੍ਰਿਤ, ਨਿਮਰਤਾ ਤੇ ਭਾਈ ਗੁਰਦਾਸ ਜੀ ਦੁਆਰਾ ਦਰਸਾਇਆ ਸੰਜਮ—

ਥੋੜਾ ਸਵਣਾ ਖਾਵਣਾ, ਥੋੜਾ ਬੋਲਨੁ ਗੁਰਮਤਿ ਪਾਏ ॥
ਘਾਲਿ ਖਾਇ ਸੁਕ੍ਰਿਤ ਕਰੈ, ਵਡਾ ਹੋਇ ਨ ਆਪੁ ਗਣਾਏ ॥ (੨੮/੧੫)

ਤੇ ਪਰਉਪਕਾਰੀ ਕਰਮ ਗੁਰਸਿੱਖੀ ਦੇ ਵਿਸ਼ੇਸ਼ ਲੱਛਣ ਹਨ, ਪਰ ਆਪ ਜੀ ਦੀ ਅਪਣਾਈ, ਦ੍ਰਿੜ੍ਹਾਈ ਗੁਰਸਿੱਖੀ, ਇਨ੍ਹਾਂ ਕਰਮਾਂ ਤੋਂ ਹੋਰ ਉੱਚੀ, ਅਨੇਕ ਦੈਵੀ ਗੁਣਾਂ ਨਾਲ ਸ਼ਿੰਗਾਰੀ, ਸਰਬ-ਪੱਖੀ ਸੰਪੂਰਨ ਆਦਰਸ਼ਕ ਸਿੱਖੀ ਹੈ। ਭਾਈ ਗੁਰਦਾਸ ਜੀ ਨੇ ਐਸੀ ਪਰਵਾਨਤ ਗੁਰਸਿੱਖੀ ਦਾ ਆਧਾਰ ਅਤੀ ਸੁੰਦਰ ਤੇ ਸਪੱਸ਼ਟ ਸ਼ਬਦਾਂ ਵਿਚ ਬਿਆਨਿਆ ਹੈ :—

ਗੁਰਸਿਖੀ ਦਾ ਕਰਮੁ ਏਹੁ, ਗੁਰ ਫੁਰਮਾਏ, ਗੁਰਸਿਖ ਕਰਣਾ ॥ (੨੮/੧੦)

ਇਹ ਹਕੀਕਤ ਸੂਰਜ ਵਾਂਗ ਰੌਸ਼ਨ ਹੈ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਦਿਲ-ਕੰਬਾਊ ਕਸ਼ਟਾਂ, ਔਕੜਾਂ, ਜ਼ੁਲਮਾਂ ਤੇ ਭੈ-ਭੀਤ ਵਾਤਾਵਰਨ ਵਿਚ ਸਤਿਗੁਰੂ ਜੀ ਦੇ ਇਕ-ਇਕ ਉਪਦੇਸ਼ ਦੀ ਪਾਲਣਾ ਜਿਸ ਧੀਰਧ, ਦ੍ਰਿੜ੍ਹਤਾ, ਸਿਦਕ, ਹਠ, ਵਿਸ਼ਵਾਸ, ਮਾਨਸਕ ਬਲ ਤੇ ਆਤਮਕ ਸ਼ਕਤੀ ਨਾਲ ਕੀਤੀ ਹੈ, ਉਸ ਦੀ ਮਿਸਾਲ ਸੰਸਾਰ ਦੇ ਇਤਿਹਾਸ ਵਿਚੋਂ ਲੱਭਣੀ ਸੌਖੀ ਨਹੀਂ ਹੈ।



www.AKJ.Org

ਐਸੇ ਬੰਦੇ ਘਣੇ ਨਹੀਂ, ਵਿਰਲੇ ਹਨ, ਜਿਨ੍ਹਾਂ ਨੇ ਨਾਮ ਅਭਿਆਸ ਦੁਆਰਾ ਆਪਣੀਆਂ ਅੰਤਰਮੁਖੀ ਅੱਖੀਆਂ ਨਾਲ ਪ੍ਰਮਾਰਥਕ ਤਜਰਬਿਆਂ ਦਾ ਅਨੂਠਾ ਦ੍ਰਿਸ਼ ਤੱਕ ਕੇ ਬਿਸਮਾਦੀ ਦਸ਼ਾ ਦਾ ਰੰਗ ਮਾਣਿਆ ਹੈ।

ਕਿਸੇ ਵਸਤੂ ਨੂੰ ਪ੍ਰਾਪਤ ਕਰਨਾ ਤੇ ਉਸ ਨੂੰ ਸੰਭਾਲ ਕੇ ਰੱਖਣਾ ਅਲੱਗ-ਅਲੱਗ ਕਰਮ ਹਨ। ਧਨ ਕਮਾਉਣ ਵਾਲਾ ਜਦ ਸੰਜਮੀ ਨਹੀਂ ਹੁੰਦਾ ਤਾਂ ਸਾਰੀ ਕਮਾਈ ਗਵਾ ਬਹਿੰਦਾ ਹੈ। ਦੇਖਣ ਵਿਚ ਆਉਂਦਾ ਹੈ ਕਿ ਕਮਜ਼ੋਰ ਦਾਮਨ ਬਖ਼ਸ਼ਿਸ਼ ਦਾ ਬੋਝ ਬਰਦਾਸ਼ਤ ਨਹੀਂ ਕਰਦਾ । ਮਨ ਦੀ ਇਕਾਗਰਤਾ ਤੇ ਨਾਮ ਸਿਮਰਨ ਦੁਆਰਾ ਉਤਪੰਨ ਹੋਈ ਗੈਬੀ ਸ਼ਕਤੀਨੂੰ ਆਪਣੀ ਮਨ-ਮਾਨੀ ਕਰਨ ਤੋਂ ਵਰਜਣ ਤੇ ਨਿਯੰਤ੍ਰਣ ਵਿਚ ਰੱਖਣ ਦੀ ਸਮੱਸਿਆ ਅਤੀ ਗੰਭੀਰ ਤੇ ਕਠਨ ਹੈ। ਕਦੇ ਕਦੇ ਰਿੱਧੀ ਸਿੱਧੀ ਦਾ ਸ੍ਵੈ-ਪ੍ਰਸਿੱਧੀ ਲਈ ਪ੍ਰਯੋਗ ਕਰਨਾ ਆਤਮਕ ਉੱਨਤੀ ਲਈ ਘਾਤਕ ਬਣ ਜਾਂਦਾ ਹੈ । ਆਪ ਨੇ ਕੁਝ ਨਿਕਟਵਰਤੀ ਗੁਰਸਿੱਖਾਂ ਨੂੰ ਆਪਣੀਆਂ ਚਮਤਕਾਰੀ ਸ਼ਕਤੀਆਂ ਦੇ ਵਹਿਣ ਵਿਚ ਰੁੜ੍ਹਦੇ ਤੇ ਗੁਰਸਿੱਖੀ ਤੋਂ ਪਤਿਤ ਹੁੰਦਿਆਂ ਤੱਕਿਆ। 'ਰੰਗਲੇ ਸੱਜਣ' ਪੁਸਤਕ ਵਿਚ ਲਿਖੀ ਭਾਈ ਸਰਵਣ ਸਿੰਘ ਫਲੇਵਾਲ ਦੀ ਜੀਵਨੀ, ਚਮਤਕਾਰੀ ਸ਼ਕਤੀਆਂ ਦੀ ਅਯੋਗ ਵਰਤੋਂ ਤੇ ਆਤਮ-ਨਾਸ਼ਕ ਸਿੱਟੇ ਦੀ ਝਲਕੀ ਦਿਖਾਉਂਦੀ ਹੈ। ਇਹ ਵੀਰ ਸਾਵਧਾਨੀ ਦੀ ਪਰਵਾਹ ਨਾ ਕਰਦਿਆਂ ਰਿਧਿ, ਸਿਧਿ, ਕਰਾਮਾਤਾਂ ਦੇ ਜਾਲ ਵਿਚ ਫਸ ਕੇ ਏਨਾ ਗੁਮਰਾਹ ਹੋਇਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਕਰਨ ਜੋਗਾ ਵੀ ਨਾ ਰਿਹਾ। ਭਾਈ ਸਾਹਿਬ ਨੇ ਭੁੱਲੜ ਵੀਰ ਨੂੰ ਸੁਮਾਰਗ ਪਾਉਣ ਲਈ ਸੰਗਤ ਤੋਂ ਛੇਕਣ ਦੀ ਜੁਗਤੀ ਅਪਣਾਈ, ਜਿਸ ਨੇ ਉਸ ਦੀਆਂ ਅੱਖਾਂ ਖੋਲ੍ਹ ਦਿੱਤੀਆਂ। ਭਾਵੇਂ ਉਸ ਦਾ ਹੰਕਾਰ ਤਾਂ ਜਲਦੀ ਟੁੱਟ ਗਿਆ, ਪਰ ਕਈ ਦਿਨ ਲੇਲ੍ਹੜੀਆਂ ਕੱਢਣ ਦੇ ਬਾਅਦ, ਉਸ ਨੂੰ ਅਧਿਕਾਰੀ ਬਣਾ ਕੇ, ਕਰੜੀ ਤਨਖਾਹ ਲਾ ਕੇ ਨਾਮ-ਰਸੀਆਂ ਦੀ ਸੰਗਤ ਵਿਚ ਦੁਬਾਰਾ ਸ਼ਾਮਲ ਕੀਤਾ ਗਿਆ।

ਨੌ ਨਿਧੀਆਂ, ਅਠਾਰਹ ਸਿੱਧੀਆਂ ਨਾਮ ਦੇ ਅਧੀਨ ਹਨ ਤੇ ਭਗਤਾਂ ਦੇ ਪਿੱਛੇ ਫਿਰਦੀਆਂ ਹਨ। ਅੰਤਰਜਾਤਮਾ, ਨਿਜ ਖੰਡ ਅੰਦਰ ਬ੍ਰਹਮੰਡ ਦਾ ਪਸਾਰਾ, ਭੂਤ ਭਵਿੱਖ ਤੇ ਵਰਤਮਾਨ ਦਾ ਨਜ਼ਾਰਾ, ਪ੍ਰੇਮ-ਵੈਰਾਗੀ, ਮਸਤਾਨੀ ਅਵਸਥਾ ਵਿਚ ਛੁਪ ਕੇ ਬੈਠੇ ਨਵਰੰਗੀ ਵੀਰ ਦਾ ਦੀਦਾਰਾ, ਆਦਿ ਵਚਿੱਤਰ ਘਟਨਾਵਾਂ ਦਾ ਵਰਨਣ ਆਪ ਦੀਆਂ ਲਿਖੀਆਂ ਪੁਸਤਕਾਂ ਵਿਚ ਮਿਲਦਾ ਹੈ। ਇਸ ਦੇ ਨਾਲ ਹੀ ਪੂਰਨ ਗੁਰਸਿੱਖ ਹੋਣ ਦੇ ਨਾਤੇ ਆਪ ਨੇ ਸਖ਼ਤ ਤਾੜਨਾ ਭਰੇ ਸ਼ਬਦਾਂ ਵਿਚ ਰਿੱਧੀ ਸਿੱਧੀ ਦੇ ਕ੍ਰਿਸ਼ਮੇ ਦਿਖਾਉਣ ਤੋਂ ਵਰਜਿਆ ਹੈ, ਪਰ ਜਿੱਥੇ ਕਿੱਥੇ ਗੁਰਸਿੱਖੀ ਦੇ ਵਕਾਰ ਤੇ ਆਂਚ ਦਾ ਪ੍ਰਸ਼ਨ ਸਾਹਮਣੇ ਨਜ਼ਰ ਆਇਆ, ਉੱਥੇ ਆਪ ਨੇ ਸੂਖਮ ਸਰੀਰ ਦੁਆਰਾ ਗੁਰਸਿੱਖ ਦੀ ਰੱਖਿਆ ਲਈ, ਨਾਈ ਨੂੰ ਭੈ-ਭੀਤ ਕਰਕੇ ਕੁਕਰਮ ਕਰਨ ਤੋਂ ਰੋਕਿਆ। ਤਾਣ ਹੁੰਦਿਆਂ ਨਿਤਾਣਾ, ਮਾਣ ਹੁੰਦਿਆਂ ਨਿਮਾਣਾ ਬਣ ਕੇ ਆਪਣਾ ਜੀਵਨ ਬਿਤਾਉਣਾ ਪੂਰਨ ਗੁਰਸਿੱਖ ਨੂੰ ਹੀ ਸ਼ੋਭਦਾ ਹੈ। ਕਰਾਮਾਤੀ ਸ਼ਕਤੀਆਂ ਤੇ ਰੱਬੀ ਬਖ਼ਸ਼ਸ਼ਾਂ ਨੂੰ ਜਰਨਾ ਸੌਖੀ ਕਾਰ ਨਹੀਂ।

ਗਿਆਨੀ ਨਾਹਰ ਸਿੰਘ ਜੀ ਦੇ ਜ਼ੋਰ ਪਾਉਣ ਤੇ ਆਪ ਉਨ੍ਹਾਂ ਨੂੰ ਜੇਲ੍ਹ ਚਿੱਠੀਆਂ ਵਿਚ ਲਿਖਦੇ ਹਨ :-

> "ਆਪ ਨੇ ਜੋ ਜੀਵਨ ਚਰਿਤ੍ਰ ਦਾ ਪਦ ਲਿਖਿਆ ਹੈ, ਇਸ ਨੂੰ ਪੜ੍ਹ ਕੇ ਮੈਨੂੰ ਬੜੀ ਲੱਜਾ ਆਈ।... ਜੀਵਨ ਤਾਂ ਸ਼ਹੀਦ ਸਿੰਘਾਂ ਦੇ ਲਿਖੀਦੇ ਹੁੰਦੇ ਹਨ; ਜਿਨ੍ਹਾਂ ਨੇ ਕੋਈ ਨਿੱਗਰ ਪੰਥ ਦੀ ਸੇਵਾ ਕੀਤੀ ਹੋਵੇ ਜਾਂ ਉਚ ਕਲਾ ਦੀ ਕਰਣੀ ਕਰਕੇ ਦਿਖਾ ਗਏ ਹੋਣ।...ਸੁਪਨੰਤ੍ਰ ਤਾਂ ਆਪ ਦੇ ਮੇਲੇ ਕਈ ਵਾਰ ਪ੍ਰਤੱਖ ਵਾਂਗ ਹੋਏ ਹਨ।...ਪ੍ਰੰਤੂ ਮੇਰੇ ਹਿਰਦੇ ਵਿਚ ਇਹ ਉਮੰਗ ਜ਼ਰੂਰ ਪ੍ਰਬਲ ਹੋ ਕੇ ਉਪਜੀ ਹੈ ਕਿ ਆਪ ਦੀ ਤੇ ਆਪ ਜੈਸੇ ਅਧਿਕਾਰੀ ਸੱਜਣਾਂ ਦੀ ਖ਼ਾਤਰ, ਆਪ ਦੇ ਪਾਸ ਐਬਟਾਬਾਦ ਵਾਲੀ ਵਿਥਿਆ ਦਾ ਸੰਖੇਪ ਮਾਤਰ ਵਰਣਨ ਕਰਾਂ, ਪਰ ਮੈਨੂੰ ਇਹ ਗੱਲ ਨਹੀਂ ਭਾਉਂਦੀ ਕਿ ਆਪ ਇਸ ਨੂੰ ਆਮ ਤੌਰ ਪਰ ਪ੍ਰੈਸ ਵਿਚ ਪ੍ਰਕਾਸ਼ਤ ਕਰੋ।...ਕਿਉਂਕਿ ਇਸ ਵਿਚ ਗੁਹਜ ਕਲਾ ਵਾਲੀਆਂ ਅੰਤ੍ਰੀਵੀ ਭੇਦਾਂ ਦੀਆਂ ਗੁਰਮਤਿ ਰਮਜ਼ਾਂ ਹਨ, ਜਿਨ੍ਹਾਂ ਦਾ ਖੁਲ੍ਹਮ ਖੁਲ੍ਹਾ ਪ੍ਰਗਟ ਕਰਨਾ ਗੁਰਮਤਿ ਅੰਦਰ ਪ੍ਰਵਾਨ ਨਹੀਂ।"

[ਜੇਲ੍ਹ ਚਿੱਠੀਆਂ, ਮਿਤੀ ੧੯-੩-੧੯੨੨ ਅਤੇ ੨੪-੩-੧੯੨੨]



www.AKJ.Org

ਪ੍ਰਾਧੀਨਤਾ ਜਾਂ ਮੁਹਤਾਜੀ, ਜਿਸ ਨੂੰ ਬਾਬਾ ਫਰੀਦ ਜੀ ਨੇ ਵੀ ਜ਼ਿੰਦਗੀ ਲਈ ਇਕ ਲਾਅਨਤ ਆਖਿਆ ਹੈ, ਭਾਈ ਸਾਹਿਬ ਵਰਗੇ ਸੰਤ ਸਿਪਾਹੀ ਇਸ ਦੇ ਵਿਰੁੱਧ ਸੰਘਰਸ਼ ਕਰਨ ਬਗੈਰ ਕਿਵੇਂ ਰਹਿ ਸਕਦੇ ਸਨ? ਉਨ੍ਹਾਂ ਨੇ ਦੀਨ, ਧਰਮ ਦੀ ਰਾਖੀ ਲਈ ਆਪਣੀ ਕੁਰਬਾਨੀ ਦੀ ਸੀਮਾ ਨਹੀਂ ਤੱਕੀ। ਦੇਸ਼ ਦੀ ਸੁਤੰਤਰਤਾ ਲਈ, ਤੇ ਰਕਾਬ ਗੰਜ ਦੀ ਕੰਧ ਨੂੰ ਬਰਕਰਾਰ ਰੱਖਣ ਲਈ ਜਾਇਦਾਦ ਦੀ ਕੁਰਕੀ ਤੇ ਉਮਰ ਕੈਦ ਦੀ ਸਜ਼ਾ ਦਾ ਖਿੜੇ ਮੱਥੇ ਸਵਾਗਤ ਕੀਤਾ। ਗੁਰਸਿੱਖੀ ਦੀ ਸ਼ਾਨ ਨੂੰ ਬੁਲੰਦ ਰੱਖਣ, ਰਹਿਤ ਮਰਯਾਦਾ ਨਿਭਾਉਣ, ਧਰਮ ਬਚਾਉਣ ਤੇ ਭਾਣੇ ਨੂੰ ਅੰਮ੍ਰਿਤ ਸਮ ਸਮਝਣ ਲਈ ਏਨੀਆਂ ਕਠਨ ਪ੍ਰੀਖਿਆਵਾਂ ਵਿਚੋਂ ਲੰਘੇ, ਜਿਨ੍ਹਾਂ ਨੂੰ ਪੜ੍ਹ ਕੇ ਪਾਠਕ ਦੀ ਆਤਮਾ ਕੰਬ ਜਾਂਦੀ ਹੈ ਤੇ ਸਹਿਜ ਸੁਭਾਅ ਹੀ ਭਾਈ ਸਾਹਿਬ ਦੀ ਇਰਾਦਾ-ਸ਼ਕਤੀ, ਧੀਰਜ, ਕੁਰਬਾਨੀ ਦੇ ਜਜ਼ਬੇ, ਦ੍ਰਿੜ੍ਹ ਵਿਸ਼ਵਾਸ ਤੇ ਪ੍ਰੇਮਾ ਭਗਤੀ ਤੇ ਅਸ਼ ਅਸ਼ ਕਰਨ ਨੂੰ ਜੀਅ ਕਰਦਾ ਹੈ।

ਸ਼ਬਦ-ਗੁਰੂ ਦੇ ਮੁਕਾਬਲੇ ਵਿਚ ਜਦ ਦੇਹ ਨੂੰ ਅਧਿਕ ਅਹਿਮੀਅਤ ਮਿਲਦੀ ਹੈ ਤਾਂ ਸ਼ਖ਼ਸੀ ਪੂਜਾ ਆਰੰਭ ਹੁੰਦੀ ਹੈ। ਸ਼ਖ਼ਸੀ ਪੂਜਾ ਤੋਂ ਪੈਦਾ ਹੁੰਦਾ ਹੈ ਗੁਰੂ-ਡੰਮ ਦਾ ਚਸਕਾ, ਜਿਸ ਤੋਂ ਸੁਚੇਤ ਰਹਿਣਾ ਤੇ ਸੁਚੇਤ ਰੱਖਣਾ ਗੁਰਸਿੱਖ ਦਾ ਪ੍ਰਥਮਿਕ ਕਰਤੱਵ ਹੈ। ਆਪ ਦੀ ਕਥਨੀ ਤੇ ਕਰਣੀ ਵਿਚੋਂ ਗੁਰੂ-ਡੰਮ ਵਿਰੁੱਧ ਉਠਾਈ ਧੜੱਲੇਦਾਰ ਆਵਾਜ਼ ਦੀ ਗੂੰਜ ਏਨੀ ਪ੍ਰਬਲ ਤੇ ਪ੍ਰਭਾਵਸ਼ਾਲੀ ਹੈ ਕਿ ਦੇਖਣ ਵਿਚ ਆਇਆ ਹੈ ਕਿ ਜਿਨ੍ਹਾਂ ਵੀਰਾਂ ਨੇ ਅਖੰਡ ਕੀਰਤਨ ਦੇ ਭੌਰੇ ਗੁਰਸਿੱਖਾਂ ਨੂੰ ਅਗਿਆਨਤਾ ਕਾਰਨ ਭਾ: ਸਾ: ਭਾਈ ਰਣਧੀਰ ਸਿੰਘ ਦੇ ਚੇਲੇ ਚਪਟੇ ਕਹਿ ਕੇ ਪੁਕਾਰਿਆ ਹੈ, ਉਨ੍ਹਾਂ ਨੂੰ ਅਸਲੀਅਤ ਦਾ ਪਤਾ ਲੱਗਦਿਆਂ ਹੀ ਆਪਣੇ ਸ਼ਬਦ ਵਾਪਸ ਲੈਣੇ ਪਏ ਹਨ। ਸੰਬੰਧਤ ਅੰਮ੍ਰਿਤਧਾਰੀ ਗੁਰਸਿੱਖਾਂ ਨੂੰ ਭਾਈ ਸਾਹਿਬ ਦਾ (ਜਾਂ ਉਨ੍ਹਾਂ ਦੇ ਹੱਥੋਂ) ਅੰਮ੍ਰਿਤ ਛਕਿਆ ਕਹਿਣਾ ਸਰਾਸਰ ਬੇਇਨਸਾਫ਼ੀ ਹੈ, ਕਿਉਂਕਿ ਆਪ ਨੇ ਨਾਮ ਦੇਣ ਵਾਲੇ ਇਕੱਲੇ ਵਿਅਕਤੀ ਦੀ ਸਖ਼ਤ ਨਿਖੇਧੀ ਕੀਤੀ ਹੈ। 'ਨਾਮ ਦਾ ਦਾਤਾ' ਕੇਵਲ ਨਾਮ-ਅਭਿਆਸੀ ਪੰਜ ਪਿਆਰਿਆਂ ਦਾ ਸਮੂਹ ਹੈ।

ਹਉ ਸਦਕੇ ਤਿਨਾ ਗੁਰਸਿਖਾਂ, ਗੁਰ ਸਿਖ ਦੇ ਗੁਰਸਿਖ ਮਿਲਾਇਆ ॥

(ਭਾਈ ਗੁਰਦਾਸ ਜੀ, ਵਾਰ ੧੨—ਪਉੜੀ ੯)

ਦੀਆਂ ਗੁਰਮਤਿ-ਲੀਹਾਂ ਤੇ ਚੱਲ ਕੇ ਭਾਈ ਸਾਹਿਬ ਨੇ ਗੁਰਮੁਖਿ ਅਮਲੀ ਜੀਵਨ ਦੁਆਰਾ ਅਨੇਕਾਂ ਪ੍ਰਾਣੀਆਂ ਨੂੰ ਪ੍ਰੇਰਤ ਕਰਕੇ ਪੱਕੇ ਮਜੀਠੀ ਰੰਗ ਵਿਚ ਰੰਗਿਆ। ਇਸ ਵਿਚ ਸ਼ੱਕ ਨਹੀਂ ਕਿ ਭਾਈ ਗੁਰਦਾਸ ਜੀ ਨੇ ਨਾਮ ਜਪਣ ਦੀ ਅਨਮੋਲ ਜੁਗਤੀ "ਸਬਦਿ ਸੁਰਤਿ" ਦੀ ਵਿਆਖਿਆ ਵਿਸਥਾਰ ਪੂਰਬਕ ਕੀਤੀ ਹੈ, ਜਿਸ ਦੇ ਆਧਾਰ ਤੇ ਤਿਆਰ-ਬਰ-ਤਿਆਰ ਪੰਜ ਪਿਆਰੇ ਨਾ-ਕੇਵਲ ਗੁਰਮੰਤ੍ਰ "ਵਾਹਿਗੁਰੂ" ਦੀ ਦਾਤਿ ਬਖ਼ਸ਼ਦੇ ਹਨ, ਬਲਕਿ ਅਮਲੀ ਤੌਰ ਤੇ ਦ੍ਰਿੜ੍ਹਾਉਂਦੇ ਵੀ ਹਨ। ਗੁਰੂ ਨਾਨਕ ਦੇਵ ਜੀ ਦੇ ਫ਼ੁਰਮਾਨ ਅਨੁਸਾਰ ਜਿਹੜਾ ਗੁਰਸਿੱਖ ਹੁਕਮ ਦੀ ਪਾਲਣਾ ਕਰਦਾ ਹੋਇਆ ਉੱਚਾ ਰੁਤਬਾ ਪਾਉਂਦਾ ਜਾਂ ਪਰਉਪਕਾਰ ਕਰਦਾ ਹੈ, ਉਹ ਹਉਮੈ ਦਾ ਸ਼ਿਕਾਰ ਨਹੀਂ ਬਣਦਾ। ਦਾਤਾਰ ਪਿਤਾ ਆਪ ਹੀ ਨਦਰਿ ਰਹਿਮਤ ਕਰਕੇ ਪੂਰਨ ਗੁਰਸਿਖ ਬਣਾਉਂਦਾ ਹੈ ਤੇ ਆਪ ਹੀ ਕੁਰਬਾਨ ਜਾਂਦਾ ਹੈ :—

ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ, ਤਿਸੁ ਗੁਰਸਿਖ ਗੁਰੂ ਉਪਦੇਸ ਸੁਣਾਵੈ ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥੧੧॥

[ਮ: ੪, ਗਉੜੀ ਕੀ ਵਾਰ, ਪੰਨਾ ੩੦੬

ਵਿਛੋੜੇ ਦਾ ਅਹਿਸਾਸ ਵਸਲ ਦਾ ਕਾਰਨ ਬਣਦਾ ਹੈ। ਬਿਰਹੋਂ-ਕੁੱਠੀ ਆਤਮਾ ਛੇਤੀ ਹੀ ਬਖ਼ਸ਼ਸ਼ ਦੀ ਅਧਿਕਾਰੀ ਬਣਦੀ ਹੈ। ਭਾਈ ਸਾਹਿਬ ਨੂੰ ਆਪਣੇ ਵਿਦਿਆਰਥੀ-ਕਾਲ ਵਿਚ ਐਸਾ ਵੈਰਾਗ ਦਾ ਸੋਮਾ ਫੁਟਿਆ ਕਿ ਕਾਲਜ ਦੀਆਂ ਕਲਾਸਾਂ ਵਿਚ ਹੀ 'ਨੀਰੁ ਵਹੇ ਵਹਿ ਚਲੈ ਜੀਉ' ਦੀ ਦਸ਼ਾ ਵਾਪਰਨੀ ਆਰੰਭ ਹੋ ਗਈ। ਪਰ ਇਸ ਵੈਰਾਗ ਵਿਚ ਨਿਰਾਸ਼ਾਵਾਦ ਦਾ ਅੰਸ਼ ਨਹੀਂ, ਅਥਾਹ ਪ੍ਰੇਮ ਦੀ ਚਿਣਗ ਸੀ। ਇਸ



www.AKJ.Org

ਚਿਣਗ ਨੇ ਐਸਾ ਰਸ ਭਰਿਆ ਕਿ ਸੰਸਾਰ ਦੇ ਸਾਰੇ ਰਸ ਤੁੱਛ ਤੇ ਨੀਰਸ ਜਾਪਣ ਲਗ ਪਏ।

ਗੁਰਸਿਖੀ ਬਾਰੀਕ ਹੈ, ਇਸ ਦੇ ਸੂਖਮ ਤੱਤਾਂ ਦਾ ਮੁਲਾਂਕਣ ਅਕਥਨੀਯ ਹੈ। ਜੈਸਾ ਕਿ—

ਗੁਰਸਿੱਖੀ ਦਾ ਬੁਝਣਾ ਗਿਆਨ ਧਿਆਨ ਅੰਦਰਿ ਕਿਵ ਆਣੈ॥ [ਭਾਈ ਗੁਰਦਾਸ ਜੀ, ੨੮/੩

ਆਪ ਬਾਰੇ ਇਹੋ ਆਖਿਆ ਜਾ ਸਕਦਾ ਹੈ ਕਿ ਅਭਿਆਸ ਕਮਾਈ, ਅਖੰਡ ਕੀਰਤਨ, ਰੈਣ ਸਬਾਈਆਂ, ਦਿਵਸ ਸੁਹੇਲੇ, ਨਾਮ ਸਿਮਰਨ ਸੰਬੰਧੀ ਵੀਚਾਰ, ਗੁਰਮਤਿ ਰਮਜ਼ਾਂ ਦਾ ਲਿਖਤੀ ਰੂਪ ਵਿਚ ਅਨੁਵਾਦ, ਤਾਂ ਕੇਵਲ ਅੰਤ੍ਰੀਵੀ ਅਵਸਥਾ, ਅਦੁਤੀ ਅਦ੍ਰਿਸ਼ਟ, ਪੰਚ ਪਰਵਾਨੀ ਸ਼ਖ਼ਸੀਅਤ ਦਾ ਨਾਮ ਮਾਤ੍ਰ ਪ੍ਰਗਟਾਵਾ ਹੈ। ਪਾਵਨ ਆਤਮਾ ਦੀ ਗੁਹਜ ਕਲਾ ਨੂੰ ਸਤਿਗੁਰੂ ਬਿਨਾ ਹੋਰ ਕੋਈ ਨਹੀਂ ਜਾਣਦਾ। ਘੰਟਿਆਂ ਬੱਧੀ ਇਕੋ ਆਸਣ ਬੈਠੇ ਰਹਿਣਾ, ਨਾ ਅੱਕਣਾ ਨਾ ਥੱਕਣਾ ਹਠੀਲਾ ਕਰਮ ਨਹੀਂ, ਸਮੇਂ ਦੀ ਪਾਬੰਦੀ ਤੋਂ ਮੁਕਤ ਹੋਣਾ, ਕਿਸੇ ਵਿਸ਼ੇਸ਼ ਨਿਯਮ ਦੀ ਉਲੰਘਣਾ ਨਹੀਂ, ਇਹ ਤਾਂ ਰਸਿਕ ਰਸਿਕ ਗੁਣ ਗਾਵਣ ਦੀ ਅਤਿ ਉੱਚ ਅਵਸਥਾ ਹੈ, ਪ੍ਰੇਮ ਪਿਆਲਾ ਪੀਣ ਦੀ ਇਕ ਮਸਤੀ ਹੈ ਤੇ ਨਾ ਉਤਰਨ ਵਾਲਾ ਅਗੰਮੀ ਨਸ਼ਾ ਹੈ।

ਭਾਈ ਸਾਹਿਬ ਦੀ ਗੁਰਸਿੱਖੀ ਦਾ ਤੱਤ ਪ੍ਰੇਮ ਉਚਿਆਈਆਂ ਨੂੰ ਛੁਹੰਦਾ ਇਸ਼ਕ ਹਕੀਕੀ ਹੈ; ਗੰਭੀਰਤਾ, ਮਨ ਦੀ ਅਡੋਲਤਾ ਤੇ ਬੇਪਰਵਾਹੀ ਬ੍ਰਹਮ ਗਿਆਨ ਦੇ ਸੂਚਕ ਹਨ। ਸੰਕਟ ਦੀਆਂ ਲਹਿਰਾਂ ਵਿਚ, ਕੰਵਲ ਜੈਸੀ ਅਲੇਪਤਾ, ਸਵਾਂਤੀ ਬੂੰਦ ਦੇ ਪਿਆਸੇ ਚਾਤ੍ਰਿਕ ਦੀ ਬਿਹਬਲਤਾ ਤੇ ਮੱਛੀ ਦੇ ਪਿਆਰ ਦੀ ਤੀਬਰਤਾ ਅੱਤ ਉੱਚੇ ਪਿਆਰ ਦੀ ਪਰਵਾਨਤ ਵੰਨਗੀ ਹੈ। ਪਿਆਰ ਦੇ ਕਈ ਵੱਖ ਵੱਖ ਸਰੂਪ ਹੋਣ ਕਰਕੇ ਗੁਰਮੁਖਿ ਜਨ ਅਨਿਕ ਰੰਗਾਂ ਵਿਚ ਵਿਚਰਦਾ ਹੈ—

"ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥

ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥੨॥੨੦॥ [ਮ: ੧, ਆਸਾ ਦੀ ਵਾਰ, ਪੰਨਾ ੪੭੩

ਵੈਰਾਗਮਈ ਅਵਸਥਾ ਵਿਚ ਹੰਝੂਆਂ ਦੀ ਝੜੀ, ਨਾਮ ਸਿਮਰਨ ਤੇ ਸ਼ਬਦ ਕੀਰਤਨ ਵੇਲੇ ਪ੍ਰੇਮ-ਭਿੰਨੀ ਸ਼ਬਦ-ਧੁਨੀ ਪੱਥਰ-ਦਿਲਾਂ ਨੂੰ ਟੁੰਬਦੀ ਤੇ ਮੋਮ ਕਰਦੀ ਜਾਂਦੀ ਹੈ। ਗੁਰਮਤਿ ਸਾਹਿੱਤ ਵਿਚੋਂ ਸਿਦਕ, ਪ੍ਰੇਮ ਦੇ ਜਜ਼ਬਾਤ; ਨਿਰੋਲ ਗੁਰਬਾਣੀ ਵਿਆਖਿਆ ਤੇ ਆਵੇਸ਼ ਆਧਾਰੀ ਕਵਿਤਾ ਦੀ ਆਪ-ਮੁਹਾਰੀ ਰਵਾਨੀ ਰਾਹੀਂ ਫੁੱਟ ਫੁੱਟ ਕੇ ਪ੍ਰਗਟ ਹੁੰਦੇ ਪ੍ਰਤੀਤ ਹੁੰਦੇ ਹਨ।

ਪੂਰਨ ਗੁਰਸਿੱਖ ਸਦਾ ਹੀ ਸਤਿਗੁਰੂ ਨੂੰ ਆਪਣੇ ਨਿਕਟ ਸਮਝਦੇ ਹਨ; ਕੇਵਲ ਸਮਝਦੇ ਹੀ ਨਹੀਂ, ਸਤਿਗੁਰ ਨਾਲ ਰਹਿੰਦੇ ਹਨ ਤੇ ਆਪਣੇ ਆਪ ਨੂੰ ਕਦੇ ਵੀ ਇਕੱਲਾ ਨਹੀਂ ਸਮਝਦੇ। ਇਸ ਦੀ ਪ੍ਰੋੜ੍ਹਤਾ ਲਈ 'ਇਕ ਪਾਦਰੀ ਨਾਲ ਮੁਲਾਕਾਤ' ਦੀ ਘਟਨਾ ਦਾ ਸੰਖੇਪ ਹਵਾਲਾ ਦੇਣਾ ਢੁਕਵਾਂ ਤੇ ਦਿਲਚਸਪ ਹੋਵੇਗਾ।

ਵਲਾਇਤੋਂ ਆਏ ਵੱਡੇ ਪਾਦਰੀ ਸਾਹਿਬ ਖ਼ਾਸ ਤੌਰ ਤੇ ਭਾਈ ਸਾਹਿਬ ਨੂੰ ਜੇਲ੍ਹ ਵਿਚ ਮਿਲਣ ਆਏ। ਤੰਗ-ਤਾਰੀਕ ਕਾਲ-ਕੋਠੜੀ ਵਿਚ ਦਿਨ ਰਾਤ ਤਨਹਾਈ ਵਿਚ ਵੀ ਚਿਹਰੇ ਦੀ ਦਮਕਦੀ ਦਮਕਦੀ ਲਾਲੀ ਤੱਕ ਕੇ ਪਾਦਰੀ ਸਾਹਿਬ ਨੇ ਖ਼ੁਦ ਇਸ ਤਰ੍ਹਾਂ ਦੀ ਕੋਠੜੀ ਵਿਚ ਲਗਪਗ ਤਿੰਨ ਘੰਟੇ ਬਿਤਾਉਣ ਦੀ ਇੱਛਿਆ ਪ੍ਰਗਟ ਕੀਤੀ। ਭਾਈ ਸਾਹਿਬ ਨੇ ਆਪ ਹੀ ਉਨ੍ਹਾਂ ਨੂੰ ਸੁਝਾਉ ਦਿੱਤਾ ਕਿ "ਜਦੋਂ ਜੀਅ ਉਕਤਾ ਜਾਵੇ ਤਾਂ ਲੋਹੇ ਦੀ ਤਾਰ ਖਿੱਚ ਕੇ ਸੰਕੇਤ ਦੇ ਦੇਣਾ, ਇੰਜ ਸੈਲ-ਬਲਾਕ ਦਾ ਇਨਚਾਰਜ ਆਪ ਪਾਸ ਹਾਜ਼ਰ ਹੋ ਜਾਵੇਗਾ।" ਜਿਵੇਂ ਕਿ ਭਾਈ ਸਾਹਿਬ ਦਾ ਅਨੁਮਾਨ ਸੀ, ਪਾਦਰੀ ਸਾਹਿਬ ਨੇ ਇਕ ਘੰਟੇ ਦੇ ਅੰਦਰ ਅੰਦਰ ਆਪਣੀ ਕੋਠੀ ਦੀ ਘੰਟੀ ਦਬਾ ਦਬ ਖੜਕਾਉਣੀ ਸ਼ੁਰੂ ਕੀਤੀ, ਇਉਂ ਆਵਾਜ਼ਾਂ ਮਾਰਨ ਲਗੇ, "ਜਲਦੀ ਹਮ ਕੋ ਬਾਹਰ ਨਿਕਾਲੋ, ਜਲਦੀ ਕਰੋ, ਹਮਾਰਾ ਜਾਨ ਨਿਕਲਤਾ ਹੈ।" ਬਾਹਰ ਨਿਕਲ ਕੇ ਭਾਈ ਸਾਹਿਬ ਨੂੰ ਬੁਲਾਇਆ ਤੇ ਇੰਜ ਆਖਣਾ ਸ਼ੁਰੂ ਕੀਤਾ, ਵਾਹੋ ਦਾਹੀ ਮੁੜ ਮੁੜ ਆਖੀ ਜਾਵੇ—

"ਵੈਲ, ਗੁਰੂ ਕੇ ਸਿੱਖ! ਤੁਮ੍ਹਾਰਾ ਗੁਰੂ ਨਾਨਕ ਸੱਚਮੁੱਚ ਤੁਮ੍ਹਾਰੇ ਸਾਥ ਰਹਿਤਾ ਹੈ।...ਹਮਾਰਾ ਈਸਾ ਯਸੂਹ ਮਸੀਹ ਹਮਾਰੇ ਸਾਥ ਇਸ ਤਰ੍ਹਾਂ ਨਹੀਂ ਰਹਿਤਾ, ਜੈਸੇ ਤੁਮ੍ਹਾਰਾ ਗੁਰੂ ਨਾਨਕ ਤੁਮ੍ਹਾਰੇ ਸਾਥ ਹਰ ਦਮ ਰਹਿਤਾ ਹੈ।"

(ਜੇਲ੍ਹ ਚਿੱਠੀਆਂ, ਪੰਨਾ ੪੨੭)

'ਸੂਰਾ' ਅੰਮ੍ਰਿਤਸਰ, ਮਈ ੧੯੯੧



www.AKJ.Org

# ਵੇਖ ਕੇ ਅਣਡਿਠ ਕੀਤਾ

[ਗਿਆਨੀ ਹਰਿਬੰਸ ਸਿੰਘ ਜੀ, ਪਟਿਆਲਾ]

ਕਿਸੇ ਗੱਲ ਨੂੰ, ਕਿਸੇ ਕੁਕਰਮ ਜਾਂ ਕਿਸੇ ਅਵਗੁਣ ਨੂੰ ਵੇਖ ਕੇ ਅਣਡਿਠ ਕਰਨਾ ਇਕ ਬਹੁਤ ਹੀ ਵਡਾ ਗੁਣ ਹੈ। ਜੇ ਇਸ ਗੁਣ ਨੂੰ ਰੱਬੀ ਗੁਣ ਆਖੀਏ ਤਾਂ ਕੋਈ ਅਤਿ-ਕਥਨੀ ਨਹੀਂ ਹੋਵੇਗੀ :

(੧) ਅਉਗਣੁ ਕੋ ਨਾ ਚਿਤਾਰਦਾ, ਗਲ ਸੇਤੀ ਲਾਇਕ ॥੨੧॥ (ਪੰਨਾ ੧੧੦੧)

(੨) ਦੀਨ ਦਇਆਲ ਦਇਆਨਿਧਿ, ਦੋਖਨ ਦੇਖਤ ਹੈ, ਪਰ ਦੇਤ ਨ ਹਾਰੈ ॥੧॥(ਸਵਯੇ ਪਾ: ੧੦)

ਗੁਰਸਿੱਖਾਂ ਦਾ ਮੇਲ, ਸਾਧ ਦਾ ਸੰਗ ਤੇ ਨਾਮ ਦਾ ਰੰਗ ਮੰਗਣ ਤੋਂ ਭਾਵ ਦੈਵੀ ਗੁਣਾਂ ਦੀ ਸਾਂਝ ਬਣਾਉਣ ਦਾ ਹੁੰਦਾ ਹੈ। ਸਤਿ ਸੰਤੋਖ, ਦਇਆ ਧਰਮ, ਨਿਮਰਤਾ ਧੀਰਜ ਅਤੇ ਪ੍ਰੇਮ ਆਦਿ ਗੁਣਾਂ ਨਾਲ ਕੋਮਲਤਾ, ਮਿਠਾਸ ਅਤੇ ਹਿਰਦੇ ਦਾ ਵਿਗਾਸ ਸੁਤੇ ਹੀ ਪ੍ਰਫੁਲਤ ਹੁੰਦਾ ਹੈ। ਜੇ ਸੋਚੀਏ ਤਾਂ ਮਾਨਵੀ ਰਿਸ਼ਤੇ ਦਾ ਅਧਾਰ ਹੀ ਅਜਿਹੇ ਨਿਰਮਲ ਗੁਣਾਂ ਦੀ ਹੋਂਦ ਹੁੰਦੀ ਹੈ।

ਮਨੁੱਖੀ ਮਨ ਆਰਸੀ (ਸ਼ੀਸ਼ੇ) ਦੀ ਨਿਆਈਂ ਹੈ। ਜਿਵੇਂ ਸ਼ੀਸ਼ੇ ਚੋਂ ਆਪਣਾ ਮੂੰਹ ਦਿਸਦਾ ਹੈ ਤਿਵੇਂ "ਆਪਨੜੇ ਗਿਰੀਵਾਨ ਮਹਿ ਸਿਰੁ ਨੀਂਵਾਂ ਕਰਿ ਦੇਖੁ"* ਦੀ ਹਾਲਤ ਹੈ। ਆਤਮ ਚੀਨਣ ਵਾਲਾ ਇਹ ਮਾਰ। ਗੁਰ ਪ੍ਰਸਾਦ ਨਾਲ ਦ੍ਰਿਸ਼ਟੀ ਪੈਂਦਾ ਹੈ। ਇਸ ਮਾਰਗ ਦਾ ਪਾਂਧੀ ਦੂਜਿਆਂ ਦੇ ਅਗੁਣ ਨਹੀਂ ਚਿਤਾਰਦਾਗ ਉਸ ਦੇ ਸੁਭਾਵ ਵਿਚ-

ਗੁਣਾ ਕਾ ਹੋਵੈ ਵਾਸੁਲਾ, ਕਢਿ ਵਾਸੁ ਲਈਜੈ ॥ ਜੇ ਗੁਣ ਹੋਵਨਿ ਸਾਜਨਾ, ਮਿਲਿ ਸਾਝ ਕਰੀਜੈ ॥
ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗੁਣ ਚਲੀਐ ॥ (ਪੰਨਾ ੭੬੫-੬੬)

ਵਾਲੇ ਸ੍ਰੇਸ਼ਟ ਗੁਣ ਸਮੋਏ ਜਾਂਦੇ ਹਨ। ਉਸਦੇ ਹਿਰਦੇ ਵਿਚ ਗੁਰ-ਉਪਦੇਸ਼ਾਂ ਦਾ ਇਹ ਪ੍ਰਭਾਵ ਪ੍ਰਵੇਸ਼ ਕਰ ਜਾਂਦਾ ਹੈ ਕਿ :

ਨਾ ਕੋ ਮੇਰਾ ਦੁਸਮਨੁ ਰਹਿਆ, ਨਾ ਹਮ ਕਿਸ ਕੇ ਬੈਰਾਈ ॥ ਬ੍ਰਹਮ ਪਸਾਰੁ ਪਸਾਰਿਓ ਭੀਤਰਿ,
ਸਤਿਗੁਰ ਤੇ ਸੋਝੀ ਪਾਈ ॥੨॥ ਸਭੁ ਕੋ ਮੀਤੁ ਹਮ ਆਪਨ ਕੀਨਾ, ਹਮ ਸਭਨਾ ਕੇ ਸਾਜਨ ॥
ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ ॥੩॥੩॥ [ਪੰਨਾ ੬੭੧
ਨਾ ਕੋ ਦੁਸਮਨੁ ਦੋਖੀਆ, ਨਾਹੀ ਕੋ ਮੰਦਾ॥ਗੁਰ ਕੀ ਸੇਵਾ ਸੇਵਕੋ, ਨਾਨਕ, ਖਸਮੈ ਬੰਦਾ ॥੪॥[ਪੰਨਾ ੪੦੦

ਇਹ ਗੁਰ-ਉਪਦੇਸ਼ ਕਥਨੀ ਮਾਤਰ ਨਹੀਂ, ਸਗੋਂ ਸਤਿਗੁਰਾਂ ਦੇ ਆਦਰਸ਼ਕ ਜੀਵਨ ਦੇ ਪਰਤੱਖ ਦਰਸ਼ਨ ਹਨ। ਇਕ ਪਾਸੇ ਪ੍ਰਿਥੀ ਚੰਦ ਜਾਂ ਧੀਰ ਮਲ ਦੇ ਵਰਤਾਉ ਨੂੰ ਵੇਖੋ, ਦੂਜੇ ਪਾਸੇ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਨਿਰਮਲ ਕਰਣੀ ਨੂੰ ਵੇਖੋ। ਸ਼ੀਹੇ ਮਸੰਦ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਗੋਲੀ ਨਾਲ ਫਟੜ ਵੀ ਕੀਤਾ, ਘਰ ਦਾ ਸਾਰਾ ਸਾਜ਼ੋ ਸਮਾਨ ਵੀ ਲੁਟਿਆ, ਪਰ ਗੁਰੂ ਸਾਹਿਬ ਨੇ ਸਭ ਕੁਛ ਅਣਡਿਠ ਕਰ ਦਿਤਾ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ, ਜਿਹੜਾ ਕਿ ਗੁਰੂ ਘਰ ਦੀ ਵਿਰਾਸਤ ਸੀ, ਉਹ ਭੀ ਧੀਰ ਮਲ ਨੂੰ ਮੋੜ ਦਿਤਾ।

ਭਾਈ ਕਨ੍ਹਈਆ ਜੀ ਦੇ ਦਰਸ਼ਨ ਕਰੋ, ਉਹ ਕਿਵੇਂ ਅਨੰਦਪੁਰ ਸਾਹਿਬ ਦੇ ਯੁਧ ਵਿਚ, ਬਿਨਾ ਵਿਤਕਰੇ, ਸਭ ਨੂੰ ਮਸ਼ਕ ਨਾਲ ਜਲ ਛਕਾਂਦੇ ਰਹੇ। ਦਸਮੇਸ਼ ਪਿਤਾ ਜੀ ਨੇ ਇਸ ਸਮ-ਦ੍ਰਿਸ਼ਟੀ ਨੂੰ ਸਲਾਹਿਆ। ਸਾਹਿਬੇ-ਕਮਾਲ ਗੁਰੂ ਗੋਬਿੰਦ ਸਿੰਘ ਜੀ ਦਾ ਜਿਗਰਾ ਵੇਖੋ, ਜਿਨ੍ਹਾਂ ਨੇ ਬਹਾਦਰ ਸ਼ਾਹ ਨੂੰ ਤਾਜੋ ਤਖ਼ਤ ਦਿਲਾਉਣ ਲਈ ਸਹਾਇਤਾ ਕੀਤੀ, ਨਦੌਣ ਦੀ ਲੜਾਈ ਵਿਚ ਪਹਾੜੀ ਰਾਜਿਆਂ ਦੀ ਮਦਦ ਕੀਤੀ, ਉਨ੍ਹਾਂ ਦੇ ਅਉਗਣਾਂ ਨੂੰ ਵੇਖਦੇ ਹੋਇਆਂ ਭੀ ਅਣਡਿਠ ਕਰ ਦਿਤਾ।

'ਤੂੰ ਸਾਡਾ ਗੁਰੂ ਨਹੀਂ, ਅਸੀਂ ਤੇਰੇ ਸਿਖ ਨਹੀਂ' ਬੇਦਾਵਾ ਲਿਖਣ ਵਾਲਿਆਂ ਦੇ ਅਉਗਣਾਂ ਨੂੰ ਕਿਵੇਂ ਅਣਡਿਠ ਕੀਤਾ! ਸਤਿਗੁਰੂ ਸਦਾ ਸਿੱਖਾਂ ਦੇ ਪੜਦੇ ਢਕਦੇ ਰਹੇ। ਭਾਈ ਸਾਹਿਬ ਗੁਰਦਾਸ ਜੀ ਨੇ ਇਸ ਕਰਕੇ ਹੀ

* ਸਲੋਕ ਫਰੀਦ ਜੀ, ਨੰਬਰ ੬, ਪੰਨਾ ੧੩੭੮

www.AKJ.Org

ਸਤਿਗੁਰਾਂ ਦੀ ਵਡਿਆਈ ਨੂੰ ਇਉਂ ਨਿਰੂਪਣ ਕੀਤਾ ਹੈ :–

ਸਤਿਗੁਰੁ ਗੁਣੀ ਨਿਧਾਨੁ ਹੈ ਗੁਣ ਕਰਿ ਬਖਸੈ ਅਵਗੁਣਿਆਰੇ ॥ ਸਤਿਗੁਰੁ ਪੂਰਾ ਵੈਦੁ ਹੈ, ਪੰਜੇ ਰੋਗ ਅਸਾਧ ਨਿਵਾਰੇ ॥ ਸੁਖ ਸਾਗਰੁ ਗੁਰਦੇਉ ਹੈ, ਸੁਖ ਦੇ ਮੇਲਿ ਲਏ ਦੁਖਿਆਰੇ ॥ ਗੁਰੁ ਪੂਰਾ ਨਿਰੁਵੈਰ ਹੈ, ਨਿੰਦਕ ਦੋਖੀ ਬੇਮੁਖ ਤਾਰੇ ॥ ਗੁਰੁ ਪੂਰਾ ਨਿਰਭਉ ਸਦਾ, ਜਨਮ ਮਰਣ ਜਮ ਡਰੈ ਉਤਾਰੇ ॥ ਸਤਿਗੁਰੁ ਪੁਰਖੁ ਸੁਜਾਣੁ ਹੈ, ਵਡੇ ਅਜਾਣ ਮੁਗਧ ਨਿਸਤਾਰੇ ॥ ਸਤਿਗੁਰੁ ਆਗੂ ਜਾਣੀਐ, ਬਾਹ ਪਕੜਿ ਅੰਧਲੇ ਉਧਾਰੇ ।। ਮਾਣ ਨਿਮਾਣੇ ਸਦ ਬਲਿਹਾਰੇ ॥ [੨੬/੧੯

ਇਸ ਵਿਸ਼ੇ ਤੇ ਹੋਰ ਡੂੰਘਾ ਵਿਚਾਰ ਕਰੀਏ ਤਾਂ ਸਾਡੇ ਸਾਹਮਣੇ ਇਹ ਤੱਥ ਪ੍ਰਗਟ ਹੁੰਦੇ ਹਨ ਕਿ ਜਿਸ ਮਨੁੱਖ ਦੇ ਅੰਦਰ ਪ੍ਰੇਮਾ ਭਗਤੀ ਪ੍ਰਗਟ ਹੋ ਜਾਂਦੀ ਹੈ, ਉਸ ਦੀ ਅਵਸਥਾ ਉਚੀ ਹੋ ਜਾਦੀ ਹੈ, ਉਸ ਦੇ ਹਿਰਦੇ ਵਿਚੋਂ ਮੰਦ-ਭਾਵਨਾ ਦਾ ਅਭਾਵ ਹੋ ਜਾਂਦਾ ਹੈ, ਕਿਉਂਕਿ ਉਹ ਸਾਰੇ ਜੀਆਂ ਅੰਦਰ ਪਰਮ ਜੋਤਿ ਦੇ ਦਰਸ਼ਨ ਕਰਦਾ ਹੈ––

੧. ਅਵਲਿ ਅਲਹ ਨੂਰੁ ਉਪਾਇਆ, ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ, ਕਉਨ ਭਲੇ ਕੋ ਮੰਦੇ ।।੧।।੩।। [ਪੰਨਾ ੧੩੪੯

੨. ਮੰਦਾ ਕਿਸ ਨੋ ਆਖੀਐ, ਜਾਂ ਤਿਸੁ ਬਿਨੁ ਕੋਈ ਨਾਹਿ ।।੭੫।। [ਪੰਨਾ ੧੩੮੧

ਅਜਿਹੀ ਬ੍ਰਿਤੀ ਵਾਲਾ ਮਨੁੱਖ ਨਾ ਕਿਸੇ ਦੇ ਨੁਕਸ ਛਾਂਟਦਾ ਹੈ ਅਤੇ ਨਾ ਹੀ ਫਿਕੇ ਜਾਂ ਕੌੜੇ ਬੋਲਾਂ ਨਾਲ ਕਿਸੇ ਦਾ ਹਿਰਦਾ ਦੁਖਾਂਦਾ ਹੈ। ਜਦੋਂ ਤੀਕ ਮਨੁੱਖ ਬੁਰੇ ਤੇ ਭਲੇ ਵਿਚ ਹੈ ਓਦੋਂ ਤਕ ਦਵੈਤ ਵਿਚ ਹੈ। ਗੁਰ ਵਾਕ ਹਨ–

ਬੁਰਾ ਭਲਾ ਤਿਚਰੁ ਆਖਦਾ,ਜਿਚਰੁ ਹੈ ਦੁਹੁ ਮਹਿ ।।੭।।੬।। [ਪੰਨਾ ੭੫੭

ਕਿਸੇ ਦੇ ਗੁਣਾਂ ਨੂੰ ਵੇਖ ਕੇ ਸੜਨਾ ਅਤੇ ਕਿਸੇ ਦੇ ਅਉਗਣਾਂ ਨੂੰ ਵੇਖ ਕੇ ਹੱਸਣਾ, ਇਹ ਦੋਵੇਂ ਅਉਗਣ ਹਨ। ਗੁਰਸਿੱਖੀ ਦੇ ਮਾਰਗ ਵਿਚ ਜੀਵਨ-ਸੇਧ ਇਉਂ ਮਿਲਦੀ ਹੈ। ਵੇਖੋ ਭਾਈ ਗੁਰਦਾਸ ਜੀ, ਵਾਰ੯,ਪਉੜੀ ੨੧

ਅਵਗੁਣ ਕੀਤੇ ਗੁਣ ਕਰਨਿ, ਜਗਿ ਸਾਧ ਵਿਰਲਿਆ ॥

ਕਿਸੇ ਦੇ ਅਵਗੁਣਾਂ ਨੂੰ ਸਹਾਰ ਕੇ ਉਸ ਨੂੰ ਗੁਣਾਂ ਦੀ ਦੇਣ ਦੇਣੀ ਇਹ ਕਿਸੇ ਵਿਰਲੇ ਪਰਉਪਕਾਰੀ ਗੁਰਮੁਖ ਜੀਊੜੇ ਦੀ ਕਰਣੀ ਹੈ। ਗੁਰਮਤਿ ਦਾ ਇਹ ਸਿਧਾਂਤ ਹੈ– ਜੇਹਾ ਵੇਖਹਿ ਤੇਹਾ ਵੇਖੁ ।।੧।।੭।। [ਪੰਨਾ ੪੬੬

ਇਸਦਾ ਭਾਵ ਹੈ ਕਿ ਦੂਜਿਆਂ ਦੇ ਗੁਣ ਵੇਖਣ ਨਾਲ ਸਾਡੇ ਅੰਦਰ ਵੀ ਗੁਣਾਂ ਦਾ ਪਰਵੇਸ਼ ਹੋ ਜਾਵੇਗਾ, ਜੇ ਅਉਗਣ ਵੇਖਾਂਗੇ ਤਾਂ ਸਾਡੇ ਜੀਵਨ ਵਿਚ ਉਹੋ ਜਿਹੇ ਅਉਗਣ ਆ ਵਸਣਗੇ। ਦੂਜਿਆਂ ਦਾ ਮੰਦਾਪਨ ਵੇਖ ਕੇ ਹੋਰ ਮੀਨ ਮੇਖਾਂ ਕਢਦੇ ਰਹਿਣਾ, ਇਸ ਨਾਲ ਅੰਤਰ-ਆਤਮੇ ਕਦੇ ਵੀ ਵਿਗਾਸ ਨਹੀਂ ਆਉਂਦਾ, ਖਿਝ ਹੀ ਪਲੇ ਪੈਂਦੀ ਹੈ। ਤਰਕਾਂ ਕੁਤਰਕਾਂ ਕੀਤਿਆਂ ਹੰਕਾਰ ਦੀ ਬ੍ਰਿਧੀ ਹੁੰਦੀ ਹੈ। ਅੰਮ੍ਰਿਤ ਬਾਣੀ ਵਿਚ ਅੰਕਿਤ ਹੈ–

ਪਰਾਇਆ ਛਿਦ੍ਰ ਅਟਕਲੈ, ਆਪਣਾ ਅਹੰਕਾਰੁ ਵਧਾਵੈ ।।੫।।੫੪।। [ਪੰਨਾ ੩੬੬

"ਮਤਿ ਹੋਦੀ ਹੋਇ ਇਆਣਾ"(੧੩੮੪) ਵਾਲਾ ਸਬਕ ਸਾਨੂੰ 'ਵੇਖ ਕੇ ਅਣਡਿਠ ਕਰਨ' ਦੀ ਜਾਚ ਸਿਖਾਉਂਦਾ ਹੈ। ਅਵਗੁਣ ਵੇਖ ਕੇ ਅਣਡਿਠ ਕਰਨ ਦਾ ਇਹ ਮਤਲਬ ਨਹੀਂ ਕਿ ਮਨੁੱਖ ਅਊਗਣਾਂ ਨਾਲ ਪਿਆਰ ਕਰਦਾ ਹੈ, ਸਗੋਂ ਭਾਵ ਇਹ ਹੁੰਦਾ ਹੈ ਕਿ ਉਹਨਾਂ ਨੂੰ ਭੰਡੋ ਨਾ। ਜਗਤ ਗੁਰੂ ਬਾਬਾ ਜੀ ਨੇ ਜਗਤ-ਜਲੰਦੇ ਦੇ ਅਉਗਣਾਂ ਨੂੰ ਵੇਖ ਕੇ ਅਣਡਿਠ ਕੀਤਾ। ਜੇ ਇਸ ਬਾਰੇ ਸਾਖੀਆਂ ਦਾ ਵਰਣਨ ਕਰੀਏ ਤਾਂ ਕੌਡਾ ਰਾਖਸ਼ ਤੇ ਸਜਣ ਠੱਗ ਵਰਗੇ ਅਨੇਕ ਵਿਅਕਤੀ ਸਨ, ਪਰ ਸਤਿਗੁਰਾਂ ਨੇ ਸਭ ਨੂੰ ਤਾਰਿਆ ਅਤੇ ੧ਓ ਨੂੰ ਪ੍ਰਚਾਰਿਆ। ਕਿਸੇ ਦੇ ਅਉਗਣਾਂ ਨੂੰ ਵੇਖ ਕੇ ਅਣਡਿਠ ਕਰਨ ਦਾ ਭਾਵ ਉਨ੍ਹਾਂ ਨੂੰ ਕਦਾਚਿਤ ਭੁਲਣਾ ਨਹੀਂ ਜਾਂ ਉਸਨੂੰ ਮੂਲੋਂ ਹੀ ਕੁਝ ਕਹਿਣਾ ਨਹੀਂ, ਸਗੋਂ ਉਸਦਾ ਜੀਵਨ ਸੁਧਾਰਨ ਲਈ ਉਸ ਨੂੰ ਆਪਣੇ ਦੋਸ਼ਾਂ ਦਾ ਅਹਿਸਾਸ ਜ਼ਰੂਰ ਕਰਾਉਣਾ ਹੈ, ਤਾਂ ਜੁ ਉਸ ਅੰਦਰ ਪਛਤਾਵੇ ਦੀ ਜਾਚਨਾ ਲਈ ਭਾਵਨਾ ਪੈਦਾ ਹੋ ਸਕੇ, ਜਿਸ ਨਾਲ ਉਸਦਾ ਸੁਧਾਰ ਹੋਵੇ ਤੇ ਉਹ ਹੋਰਨਾਂ ਨੂੰ ਸੁਧਾਰਨ ਵਾਲਾ ਬਣ ਸਕੇ। ਇਸ ਤਰ੍ਹਾਂ ਇਕ ਦਿਨ ਉਸ ਦਾ ਨਾਮ ਵੀ ਅਰਦਾਸ ਦੀ ਸੂਚੀ ਵਿਚ ਆ ਜਾਵੇਗਾ, ਤਿਨ੍ਹਾਂ ਦੀ ਕਮਾਈ ਦਾ ਧਿਆਨੁ ਧਰਿ ਖਾਲਸਾ ਜੀ ! ਬੋਲੋ ਜੀ ! ਵਾਹਿਗੁਰੂ ॥

## ਸ਼ਹੀਦੀ ਅਤੇ ਪੀੜਤ ਪਰਵਾਰਾਂ ਲਈ ਪੁਜੀ ਸਹਾਇਤਾ

| | | | |
|---|---|---|---|
| ਸੰਗਤ ਗੁਰਦੁਆਰਾ ਸਾਹਿਬ ਔਕਲੈਂਡ ਯੂ.ਕੇ. | ੧੦੭੭੪-੦੬ | ਬੀਬੀ ਹਰਨਾਮ ਕੌਰ। | ੧੪੦-੦੦ |
| ਗੁਪਤ ਸੇਵਾ | ੧੦-੦੦ | ਗੁਰੂ ਕੇ ਦਾਸਰੇ (ਚੜ੍ਹਾਵਾ) | ੩੬੨੦-੦੦ |
| ਸ: ਐਚ.ਐਮ. ਬੈਂਸ ਯੂਬਾਸਿਟੀ (ਅਮਰੀਕਾ) | ੪੦੦-੦੦ | ਗੁਪਤ ਸੇਵਾ | ੨੫੦੦-੦੦ |
| ਡਾ. ਬਚਿਤਰ ਸਿੰਘ ਗੌਰਾਇਆ | ੧੦੧-੦੦ | ਸ. ਭਜਨ ਸਿੰਘ ਚੋਕੀਮਾਨ | ੧੦੫-੦੦ |
| ਸ. ਸੇਵਾ ਸਿੰਘ ਗੋਰਾਇਆ | ੧੦੧-੦੦ | ਗੁਪਤ ਸੇਵਾ | ੧੦੦੦-੦੦ |
| ਬੀ: ਮਨਮੋਹਨਕੌਰ ਦਿੱਲੀ ਮਾ:ਹਰਬੰਸ ਸਿੰਘ ਦੀਯਾਦ | ੨੫੦-੦ | ਸ. ਦਲੀਪ ਸਿੰਘ ਦਿਲੀ | ੫੦੦-੦੦ |
| ਸ. ਹਰਦਿਤ ਸਿੰਘ ਨਵੀਂ ਦਿਲੀ | ੨੫੦-੦੦ | ਗੁਪਤ ਸੇਵਾ | ੩੦੦-੦੦ |
| ਬਾਬਾ ਫਕੀਰ ਸਿੰਘ ਫੂਲ ਚੰਡੀਗੜ੍ਹ | ੫੧-੦੦ | ਸ. ਜਗਰਾਜ ਸਿੰਘ ਬਿਲਗਾ | ੩੦੦-੦੦ |
| ਬੀਬੀ ਪ੍ਰਕਾਸ਼ ਕੌਰ | ੨੫੦-੦੦ | ਸ. ਹਰਚਰਨ ਸਿੰਘ ਮੁਕਤਸਰ | ੧੦੦-੦੦ |
| ਸ. ਗੁਰਚਰਨ ਸਿੰਘ ਚਾਹਲ (ਫਰੀਦਕੋਟ) | ੪੦੦-੦੦ | ਸ. ਕੁਲਦੀਪ ਸਿੰਘ ਮੁਕਤਸਰ | ੫੦-੦੦ |
| ਸ: ਬਲਵਿੰਦਰ ਸਿੰਘ ਫਰੀਦਕੋਟ | ੧੫੦-੦੦ | N/Sub ਹਰਦਿਆਲ ਸਿੰਘ ਬਰੋਟਾ | ੧੦੦-੦੦ |
| ਭਾਈ ਹਰਪਾਲ ਸਿੰਘ ਬਠਿੰਡਾ | ੧੦੦-੦੦ | ਕਾਕਾ ਜਗਬੀਰ ਸਿੰਘ ਤੇ ਬੀਬੀ ਜਸਬੀਰ ਕੌਰ | |
| ਸ. ਜਗਜੀਤ ਸਿੰਘ ਦਿੱਲੀ | ੧੦੦-੦੦ | ਬਰਮਿੰਘਮ ਦੇ ਅਨੰਦ ਸਮੇਂ | ੨੯੪੨੫-੦੦ |
| ਸ. ਜਸਪਾਲ ਸਿੰਘ ਬਠਿੰਡਾ | ੨੧-੦੦ | ਭਾਈ ਕਰਨੈਲ ਸਿੰਘ ਸਵਿਟਜ਼ਰਲੈਂਡ | ੧੦੦੦੦-੦੦ |
| ਸ. ਪਰਮਜੀਤ ਸਿੰਘ ਸ਼ੈਂਕਰਪੁਰ | ੫੦੦-੦੦ | ਕਾਕਾ ਗੁਰਮੀਤ ਸਿੰਘ ਐਮਸਟਰਡਮ | ੨੧੦੩-੦੦ |
| ਸ. ਗੁਰਦਿਤ ਸਿੰਘ ਸੁਸਾਂ | ੧੦੦-੦੦ | ਮਾਤਾ ਗੁਰਚਰਨਕੌਰ ਦੇ ਅੰਮ੍ਰਿਤਸਰਅੰਤਮ ਭੋਗਸਮੇ | ੯੫-੦੫ |
| ਸ. ਤ੍ਰਿਲੋਚਨ ਸਿੰਘ ਅਰਜਨ ਸਿੰਘ ਫਗਵਾੜਾ | | ਸ. ਦਰਸ਼ਨ ਸਿੰਘ ਮੂਲੀਆਂ ਵਾਲ (ਦੋ ਵਾਰ) | ੯੦-੦੦ |
| (ਪਿਤਾ ਚਰਨ ਸਿੰਘ ਜੀ ਦੇ ਅੰਤਮ ਭੋਗ ਸਮੇਂ) | ੫੦੦-੦੦ | ਸ: ਸੁਰਜੀਤ ਸਿੰਘ ਜਜਾਂ ਕਲਾਂ (ਜਲੰਧਰ) | ੮੨੬-੦੦ |

## ਸ਼ਹੀਦੀ ਅਤੇ ਪੀੜਤ ਪਰਵਾਰਾਂ ਨੂੰ ਦਿਤੀ ਸਹਾਇਤਾ

| | |
|---|---|
| ਬੀ:ਇੰਦਰਜੀਤਕੌਰ ਪਤਨੀ ਸ਼ਹੀਦ ਸੁਰਿੰਦਰਪਾਲ ਸਿੰਘ ਅੰਮ੍ਰਿਤਸਰ ਪਤੀ ਸਹੀਦ, ੩ ਬੱਚੀਆਂ, ਗੁਜ਼ਾਰਾ | ੫੦੦੦-੦੦ |
| ਬੀ: ਰਜਿੰਦਰਪਾਲ ਕੌਰ ਪਤਨੀ ਭਾਈ ਹਰਭਜਨ ਸਿੰਘ ਪਿੰਡ ਹਰੀੜਾ (ਸੰਗਰੂਰ)—ਪਤੀ ਜੇਲ੍ਹ ਘਰੇਲੂ ਲੋੜਾਂ | ੫੦੦੦-੦੦ |
| ਬੀ:ਸੁਰਜੀਤ ਕੌਰ ਪਤਨੀ ਸ: ਕ੍ਰਿਪਾਲ ਸਿੰਘ ਪਿੰਡ ਬਾਜੇ-ਕੇ (ਜੀਰਾ) ਪਤੀ ਅਤੇ ੩ ਪੁਤਰ ਲਾ-ਪਤਾ, ਲੋੜਾਂ | ੫੦੦੦-੦੦ |
| ਬੀ: ਜਸਬੀਰ ਕੌਰ ਪਤਨੀ ਸ਼ਹੀਦ ਕਰਨੈਲ ਸਿੰਘ ਅੰਮ੍ਰਿਤਸਰ—ਪਤੀ ਜੇਲ੍ਹ, ਗੁਜ਼ਾਰਾ ਮੁਸ਼ਕਲ | ੫੦੦੦-੦੦ |
| ਬੀ: ਵਰਿਆਮ ਕੌਰ ਮਾਤਾ ਸ਼ਹੀਦ ਜਤਿੰਦਰ ਸਿੰਘ ਪਿੰਡ ਮਜਾਰੀ—ਪੁਤਰ ਸ਼ਹੀਦ, ਘਰੇਲੂ ਲੋੜਾਂ | ੫੦੦੦-੦੦ |
| ਬੀਬੀ ਰੂਪ ਕਮਲ ਕੌਰ ਪਤਨੀ ਭਾਈ ਇੰਦਰਬੀਰ ਸਿੰਘ ਅੰਮ੍ਰਿਤਸਰ –ਪਤੀ ਜੇਲ੍ਹ, ਘਰੇਲੂ ਲੋੜਾਂ | ੫੦੦੦-੦੦ |

## ਸੂਰਾ ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | | |
|---|---|---|---|
| ਗੁਪਤ ਸੇਵਾ ੫੦-੦੦ ਗੁਪਤ ਸੇਵਾ | ੫੦-੦੦ | ਬੀਬੀ ਪਰਮਜੀਤ ਕੌਰ ਯੂ.ਕੇ, | ੯੧-੦੦ |
| ਭਾਈ ਸੁਰਜੀਤ ਸਿੰਘ ਚੰਡੀਗੜ੍ਹ | ੧੦੦-੦੦ | ਭਾਈ ਸੇਵਾ ਸਿੰਘ ਗੁਰਾਇਆ | ੨੦੦-੦੦ |
| ਸ: ਗੁਰਪਾਲ ਸਿੰਘ, ਗੋਇੰਦਵਾਲ ਸਾਹਿਬ | ੧੦੦-੦੦ | ਸ: ਸੁਰਿੰਦਰ ਸਿੰਘ ਬੀ: ਬਲਬੀਰ ਕੌਰ ਰੈਡਿੰਗ | ੧੦੦੦-੦੦ |
| ਸ: ਬੰਤਾ ਸਿੰਘ, ਬਰਮਿੰਘਮ ਯੂ.ਕੇ. | ੨੫-੦੦ | ਸ੍ਰੀਮਤੀ ਮਨਮੋਹਨ ਕੌਰ ਦਿਲੀ— | |
| ਸ: ਬਲਬੀਰ ਸਿੰਘ ਸਿੰਘਾਪੁਰ | ੫੦੦-੦੦ | ਮਾ: ਹਰਬੰਸ ਸਿੰਘ ਜੀ ਦੀ ਯਾਦ ਵਿਚ | ੨੦੦-੦੦ |
| ਭਾ: ਤ੍ਰਿਲੋਚਨ ਸਿੰਘ ਅਰਜਨ ਸਿੰਘ ਫਗਵਾੜਾ | | ਸ: ਜਗਜੀਤ ਸਿੰਘ ਖਾਲਸਾ, ਭੁਲੱਥ | |
| ਪਿਤਾ ਭਾ: ਚਰਨ ਸਿੰਘ ਜੀ ਅੰਤਮ ਭੋਗ ਸਮੇਂ | ੨੦੦-੦੦ | ਬੀ: ਸੁਰਿੰਦਰ ਕੌਰ ਦੇ ਅਨੰਦ ਸਮੇਂ | ੫੦-੦੦ |

# ‘ਸੂਰਾ’ ਵਲੋਂ ਗੁਰਮਤਿ ਪਰਚਾਰ ਲਈ ਟਰੈਕਟ ਤੇ ਪੁਸਤਕਾਂ

ਜੀਵਨ ਚਰਿੱਤਰ ਭਾਈ ਸਾਹਿਬ ਰਣਧੀਰ ਸਿੰਘ ਜੀ (ਕਈ ਵਾਧਿਆਂ ਸਮੇਤ ੧੦ ਚਿਤਰ, ੨੭੨ ਪੰਨੇ, ਸੁੰਦਰ ਦੱਖ) ੧੦-੦੦

| | | | | |
|---|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ | ੬-੦੦ | ਗੁਰਬਾਣੀ ਦੀ ਪਾਰਸ ਕਲਾ (ਭਾ: ਸਾਹਿਬ ਕ੍ਰਿਤ) | | ੧-੦੦ |
| ਕੇਸਕੀ (ਦਸਤਾਰ) | ੧-੫੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ,, | ੧-੫੦ |
| ਖਾਲਸਾ ਰਹਿਤ ਮਰਯਾਦਾ (ਟਰੈਕਟ) | ੩-੫੦ | ਕੀ ਕੇਸ ਰਖਣੇ ਜ਼ਰੂਰੀ ਹਨ ? | ,, | ੧-੦੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੧-੫੦ | ਗੁਰੂ ਮੇਰੇ ਸੰਗਿ ਸਦਾ ਹੈ ਨਾਲੇ | ,, | ੦-੭੫ |
| ਤਉ ਕਉ ਮੁਰਗੀ ਮਾਰੇ (ਤਲਵਾੜਾ ਜੀ) | ੧-੫੦ | ਗੁਰਮਤਿ ਅਨਹਦ ਸ਼ਬਦ | ,, | ੦-੭੫ |
| HAIR—A Divine Gift | 0-40 | ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ | ,, | ੦-੭੫ |
| Dawn of Divine wIsdom | 0-75 | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ | ,, | ੧-੫੦ |
| ਲੜੀਦਾਰ ਸਰੂਪ –ਸ੍ਰੀ ਗੁਰੂ ਗ੍ਰੰਥ ਸਾਹਿਬ | ੧-੦੦ | ਜਬ ਲਗ ਖਾਲਸਾ ਰਹੈ ਨਿਆਰਾ | ,, | ੦-੭੫ |
| ਗੁਰਬਾਣੀ ਰਹਿਤਨਾਮਾ | ੧-੫੦ | ਖਾਲਸਾ ਜੀ ਦਾ ਗੁਰਮਤਿ ਆਦੇਸ਼ | | ੦-੭੫ |
| ਸ੍ਰੀ ਭਗਉਤੀ ਪ੍ਰਬੋਧ (ਚੋਣਵੇਂ ਵਿਦਵਾਨਾਂ ਦੇ ਲੇਖ) | ੨-੦੦ | [illegible] ਬਾਰੇ ਵਿਚਾਰ (ਉਘੇ ਵਿਦਵਾਨ) | | ੧-੫੦ |

www.AKJ.Org

## ਪੰਚਮ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ ਹੁਸ਼ਿਆਰਪੁਰ ਵਿਖੇ

੧੨ ਸ਼ਾਮ ਤੋਂ ੧੬ ਜੂਨ ਐਤਵਾਰ ਸਵੇਰ ਤਕ—ਵੇਰਵਾ ਪ੍ਰੋਗਰਾਮ ਆਉਂਦੇ ਸੂਰਾ ਵਿਖੇ

## ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਸਾਲਾਨਾ ਜਨਮ-ਦਿਵਸ ਨਾਰੰਗਵਾਲ ਵਿਖੇ

੯ ਤੋਂ ੧੨ ਮਈ ਐਤਵਾਰ ਸਵੇਰ ਤਕ ਹੋ ਰਹੇ ਹਨ। ਵੇਰਵਾ ਪ੍ਰੋਗਰਾਮ ਪਿਛਲੇ ਸੂਰਾ ਅਪ੍ਰੈਲ ਵਿਚ ਵੇਖੋ

## ਰੰਗਲੇ ਸਜਣ ਭਾਈ ਸਾਹਿਬ ਡਾਕਟਰ ਸੁਰਿੰਦਰ ਸਿੰਘ ਜੀ ਦਾ ਸਾਲਾਨਾ ਯਾਦ-ਸਮਾਗਮ

ਸ੍ਰੀ ਪਾਉਂਟਾ ਸਾਹਿਬ ਦਰਬਾਰ ਵਿਖੇ **੨੨** ਮਈ ੧੯੯੧ ਬੁਧਵਾਰ ਨੂੰ ਸਵੇਰੇ ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਦਿਵਸ ਸੁਹੇਲਾ ਅਖੰਡ ਕੀਰਤਨ ਹੋਵੇਗਾ। ਰੰਗਲੇ ਸਜਣ ਦੀ ਯਾਦ ਤਾਜ਼ਾ ਕਰਨ ਲਈ ਆਇ ਜੁੜੋ ਜੀ।

ਦਰਸ਼ਨ ਅਭਿਲਾਖੀ—ਸਰਦਾਰਨੀ ਹਰਜੀਤ ਕੌਰ, ਜਸਟਿਸ ਓਂਕਾਰ ਸਿੰਘ ਅਤੇ ਸਰਬੱਤ ਸਾਧ ਸੰਗਤ

## ਪਿੰਡ ਬਲੋਲਪੁਰ (ਗੁਰਦਾਸਪੁਰ) ਵਿਖੇ ਡਾਕਟਰ ਬਸੰਤ ਸਿੰਘ ਜੀ ਦਾ ਸਾਲਾਨਾ ਯਾਦ-ਸਮਾਗਮ

੧੧ ਮਈ ਸ਼ਨੀਵਾਰ ਸਵੇਰੇ ਭੋਗ ਅਖੰਡਪਾਠ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸਿੰਚਾਰ

## ਮਾਸਕ ਰੈਣ ਸਬਾਈ ਗੁ: ਖੂਹੀ ਸਰ ਕੋਟ ਮੰਗਲ ਸਿੰਘ (ਲੁਧਿਆਣਾ), ਪਿਛੇ ਸੀ.ਟੀ.ਕਾਲਜ, ੧੮ ਮਈ

## ਪਿੰਡ ਕਾਹਮਾਂ (ਬੰਗਾ-ਨਵਾਂ ਸ਼ਹਿਰ ਰੋਡ) ਗੁ: ਸਿੰਘ ਸਭਾ, ੧੮ ਮਈ ਸ਼ਨੀਵਾਰ ਰਾਤ ਰੈਣ ਸਬਾਈ

## ਪਿੰਡ ਵੈਰੋਵਾਲ (ਥਾਨੇਵਾਲਾ) ੨ ਜੂਨ ਐਤਵਾਰ ਸਵੇਰੇ ਭੋਗ ਸ੍ਰੀ ਅਖੰਡ ਪਾਠ ਤੇ ਕੀਰਤਨ

## ਬਸੀ ਪਠਾਣਾਂ, ਧੋਬੀ ਮੰਡੀ, ਸ੍ਰੀ ਲਾਲ ਗੁਰਦੁਆਰਾ ਸਾਹਿਬ, ੧੬ ਮਈ ਰੈਣ ਸਬਾਈ

## ਪਿੰਡ ਧਾਲੀਵਾਲ ਬੇਟ (ਨੇੜੇ ਢਿਲਵਾਂ) ਗੁ: ਬਾਬਾ ਜਵਾਹਰ ਸਿੰਘ ਵਿਖੇ

੮ ਜੂਨ ਸਵੇਰੇ ਭੋਗ ਸ੍ਰੀ ਅਖੰਡਪਾਠ ਉਪਰੰਤ ਕੀਰਤਨ, ਰਾਤ ਰੈਣ ਸਬਾਈ ਤੇ ਅੰਮ੍ਰਿਤ ਸਿੰਚਾਰ

## ਅਮਾਨਤੀ ਲਾਈਫ਼ ਮੈਂਬਰਾਂ ਨੂੰ ਬੇਨਤੀ ਅਤੇ ਸੂਚਨਾ

ਅਮਾਨਤੀ ਲਾਈਫ਼ ਮੈਂਬਰਾਂ ਦੀ ਰਕਮ ਸਾਡੇ ਪਾਸ ਅਮਾਨਤ ਹੈ ਅਤੇ ਇਸ ਦੇ ਸਾਲਾਨਾ ਸੂਦ ਤੋਂ ਅਸਾਂ ਕੇਵਲ ਸਾਲਾਨਾ ਚੰਦਾ ਵਸੂਲ ਕਰਨਾ ਹੈ। ਅਪ੍ਰੈਲ ੧੯੯੦ ਤੋਂ ਮਹਿੰਗਾਈ ਕਾਰਨ ਚੰਦੇ ਵਧਾਏ ਗਏ ਹਨ। ਸਾਲਾਨਾ ਚੰਦਾ ਪੂਰਾ ਕਰਨ ਲਈ ਅਮਾਨਤੀ ਲਾਈਫ਼ ਮੈਂਬਰਾਂ ਨੇ ਦੇਸ ੫੦/— ਅਤੇ ਪ੍ਰਦੇਸ ੫੦੦/— ਹੋਰ ਜਮ੍ਹਾ ਕਰਵਾ ਕੇ ਕਲ ਰਕਮ ਦੇਸ ੨੦੦/— ਅਤੇ ਪ੍ਰਦੇਸ ੧੫੦੦/ ਪੂਰੀ ਕਰਨੀ ਹੈ। ਜਿਨ੍ਹਾਂ ਵੀਰਾਂ ਭੈਣਾਂ ਨੇ ਅਜੇ ਤਕ ਇਹ ਰਕਮ ਨਹੀਂ ਭੇਜੀ, ਉਹ ਛੇਤੀ ਭੇਜ ਦੇਣ।

ਇਹ ਬਕਾਇਆ ਰਕਮ ਨਾ ਪੁਜਣ ਦੀ ਹਾਲਤ ਵਿਚ ਅਸੀਂ ਮਜਬੂਰ ਹੋਵਾਂਗੇ ਕਿ ਉਨ੍ਹਾਂ ਦੀ ਅਮਾਨਤੀ ਲਾਈਫ਼ ਮੈਂਬਰ-ਸ਼ਿਪ ਖ਼ਤਮ ਕਰ ਦਿੱਤੀ ਜਾਵੇ ਅਤੇ ਉਨ੍ਹਾਂ ਵਲੋਂ ਪੁਜੀ ਹੋਈ ਰਕਮ ਚੰਦਿਆਂ ਵਿਚ ਬਦਲ ਦਿੱਤੀ ਜਾਵੇ। ਜਿਹੜਾ ਪਾਠਕ ਚਾਹੇ, ਰਕਮ ਵਾਪਸ ਲੈ ਸਕਦਾ ਹੈ।

## ਗੁੰਮੀਆਂ ਵਸਤਾਂ—ਵੈਸਾਖੀ ਸਮਾਗਮ ਅੰਮ੍ਰਿਤਸਰ

ਥਾਂ ਦੀ ਤੰਗੀ ਅਤੇ ਮੌਸਮ ਦੀ ਖ਼ਰਾਬੀ ਕਰਕੇ ਸੰਗਤਾਂ ਦੇ ਜੋੜੇ, ਬਸਤਰ, ਚਦਰਾਂ, ਕੰਬਲ, ਰਜਾਈਆਂ ਆਦਿ ਬਹੁਤ ਵਸਤਾਂ ਗੁੰਮ ਹੋਈਆਂ ਹਨ। ਸਮਾਪਤੀ ਤੇ ਕਈ ਪੁਰਾਣੀਆਂ ਚਪਲਾਂ ਤੇ ਇਕ ਦੋ ਟੁਟੇ ਜੋੜੇ ਮਿਲੇ ਹਨ। ਇਕ ਗਰਮ ਸ਼ਾਲ, ਇਕ ਛੋਟੇ ਬੈਗ ਵਿਚ ਤੌਲੀਆ ਕਛਹਿਰਾ ਤੇ ਐਨਕ, ਇਕ ਚੰਦੋਏ ਵਾਲਾ ਥੈਲਾ, ਇਕ ਥੈਲੇ ਵਿਚ ਕੰਬਲ ਤੇ ਚਦਰ ਅਤੇ ਹੋਰ ਕੁਝ ਕਛਹਿਰੇ ਬਸਤਰ ਆਦਿ ਮਿਲੇ ਹਨ। ਜਿਨ੍ਹਾਂ ਦੇ ਹੋਣ, ੯੩ ਅਜੀਤ ਨਗਰ ਤੋਂ ਲੈ ਜਾਣ।

ਮਨੀਆਰਡਰ ਬੈਂਕ ਡਰਾਫਟ ਤੇ ਚਿੱਠੀ ਪੱਤਰ ਭੇਜਣ ਦਾ ਪਤਾ (ਫ਼ੋਨ ਪੀ.ਪੀ. 43045)

**'ਸੂਰਾ' ਮੰਥਲੀ ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਸ੍ਰੀ ਅੰਮ੍ਰਿਤਸਰ**

www.AKJ.Org